




ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition






Reg No: AAG1353 | Ludhiana, Tuesday 19th May, 2026 | website: www.cee7news.com


## 'ਆਪ' ਪਾਰਟੀ ਵਿੱਚ ਕਦੇ ਸ਼ਾਮਲ ਨਹੀਂ ਹੋਣਗੇ



ਸੋਸ਼ਲ ਮੀਡੀਆ 'ਤੇ ਅੱਜ-ਕੱਲ੍ਹ ਆਰਟੀਫੀਸ਼ੀਅਲ ਇੰਟੈਲੀਜੈਂਸ (AI) ਰਾਹੀਂ ਤਿਆਰ ਕੀਤੀ ਗਈ ਇੱਕ ਤਸਵੀਰ ਕਾਫੀ ਵਾਇਰਲ ਹੋ ਰਹੀ ਹੈ, ਜਿਸ ਵਿੱਚ ਮਨਪ੍ਰੀਤ ਸਿੰਘ ਇਆਲੀ, ਬੀਬੀ ਜਗੀਰ ਕੌਰ ਅਤੇ ਪ੍ਰੇਮ ਸਿੰਘ ਚੰਦੂਮਾਜਰਾ ਮੁੱਖ ਮੰਤਰੀ ਭਗਵੰਤ ਮਾਨ ਨਾਲ ਦਿਖਾਈ ਦੇ ਰਹੇ ਹਨ। ਇਸ ਤਸਵੀਰ ਨੂੰ ਦੇਖ ਕੇ ਲੋਕਾਂ ਨੇ ਇਹ ਅੰਦਾਜ਼ੇ ਲਗਾਉਣੇ ਸ਼ੁਰੂ ਕਰ ਦਿੱਤੇ ਸਨ ਕਿ ਸ਼ਾਇਦ ਇਹ ਤਿੰਨੋਂ ਆਗੂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ ਪਰ ਇਸ ਦਾ ਖੰਡਨ ਕਰਦਿਆਂ ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਕਿ ਇਹ ਕੰਪਿਊਟਰ ਰਾਹੀਂ ਤਿਆਰ ਕੀਤੀ ਗਈ ਇੱਕ ਫਰਜ਼ੀ ਤਸਵੀਰ ਹੈ ਅਤੇ ਉਨ੍ਹਾਂ ਦਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉਨ੍ਹਾਂ ਦੁਹਰਾਇਆ ਕਿ ਉਹ 'ਆਪ' ਪਾਰਟੀ ਵਿੱਚ ਕਦੇ ਸ਼ਾਮਲ ਨਹੀਂ ਹੋਣਗੇ ਕਿਉਂਕਿ ਇਸ ਪਾਰਟੀ ਦੀ ਸੋਚ ਪੰਥਕ ਏਜੰਡੇ ਤੋਂ ਬਿਲਕੁਲ ਵੱਖਰੀ ਹੈ ਅਤੇ ਇਸ ਦੀ ਪੂਰੀ ਕਮਾਂਡ ਦਿੱਲੀ ਦੇ ਹੱਥਾਂ ਵਿੱਚ ਹੈ।ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਮਨਪ੍ਰੀਤ ਸਿੰਘ ਇਆਲੀ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਮਤਭੇਦਾਂ ਕਾਰਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਤੋਂ ਆਪਣੀ ਰਾਹ ਵੱਖ ਕਰ ਲਈ ਸੀ। ਮਨਪ੍ਰੀਤ ਨੇ ਅੱਜ ਸਪਸ਼ਟ ਕੀਤਾ ਹੈ ਕਿ ਉਹ ਸਿਰਫ਼ ਪੰਥਕ ਪਾਰਟੀ ਨਾਲ ਹੀ ਚੱਲਣਗੇ। ਉਨ੍ਹਾਂ ਸਪਸ਼ਟ ਕਰਦਿਆਂ ਕਿਹਾ ਕਿ ਉਹ ਆਮ ਆਦਮੀ ਪਾਰਟੀ (ਆਪ) ਨਾਲ ਕਦੇ ਵੀ ਨਹੀਂ ਜੁੜਨਗੇ ਕਿਉਂਕਿ ਇਹ ਨਾ ਤਾਂ ਕੋਈ ਪੰਥਕ ਪਾਰਟੀ ਹੈ ਅਤੇ ਇਸ ਦੇ ਸਾਰੇ ਫੈਸਲੇ ਤੇ ਕੰਮਕਾਜ ਦਿੱਲੀ ਤੋਂ ਚਲਾਏ ਜਾ ਰਹੇ ਹਨ।

## ਜਪਾਨ ਸਰਕਾਰ ਵੱਲੋਂ ਵੀ ਹੋਰਨਾਂ ਕਈ ਦੇਸ਼ਾਂ ਵਾਂਗ ਆਪਣੇ ਇਮੀਗ੍ਰੇਸ਼ਨ ਨਿਯਮਾਂ ਵਿਚ ਬਦਲਾਅ ਕੀਤਾ ਗਿਆ ਏ



ਸੋਸ਼ਲ ਮੀਡੀਆ 'ਤੇ ਜਪਾਨ ਦਾ ਇਕ ਵੀਡੀਓ ਵਾਇਰਲ ਹੋ ਰਿਹੈ, ਜਿਸ ਵਿਚ ਇਕ ਭਾਰਤੀ ਰੈਸਟੋਰੈਂਟ ਦੇ ਮਾਲਕ ਨੂੰ ਰੋਂਦੇ ਹੋਏ ਦੇਖਿਆ ਜਾ ਸਕਦੈ, ਦਰਅਸਲ ਜਪਾਨ ਸਰਕਾਰ ਵੱਲੋਂ ਉਨ੍ਹਾਂ ਦਾ ਵੀਜ਼ਾ ਰਿਨਿਊ ਕਰਨ ਦੀ ਅਰਜ਼ੀ ਨੂੰ ਖਾਰਜ ਕਰ ਦਿੱਤਾ ਗਿਆ ਏ,, ਇੱਥੇ ਹੀ ਬਸ ਨਹੀਂ,, ਉਨ੍ਹਾਂ ਨੂੰ ਦੇਸ਼ ਛੱਡਣ ਦਾ ਵੀ ਆਦੇਸ਼ ਦਿੱਤਾ ਗਿਐ। ਭਾਰਤੀ ਮੂਲ ਦੇ ਰੈਸਟੋਰੈਂਟ ਮਾਲਕ ਦਾ ਕਹਿਣਾ ਏ ਕਿ ਇਮੀਗ੍ਰੇਸ਼ਨ ਸੇਵਾ ਏਜੰਸੀ ਦੇ ਸਖ਼ਤ ਨਿਯਮਾਂ ਦੀ ਵਜ੍ਹਾ ਕਰਕੇ ਉਨ੍ਹਾਂ ਦੀ ਅਰਜ਼ੀ ਨੂੰ ਖ਼ਾਰਜ ਕਰ ਦਿੱਤਾ ਗਿਆ। ਵੀਡੀਓ ਵਿਚ ਦਿਖਾਈ ਦੇਣ ਵਾਲੇ ਇਸ ਵਿਅਕਤੀ ਦਾ ਨਾਮ ਮਨੀਸ਼ ਕੁਮਾਰ ਐ, ਜੋ ਜਪਾਨ ਵਿਚ ਕਰੀਬ 30 ਸਾਲ ਤੋਂ ਰਹਿ ਰਹੇ ਨੇ ਅਤੇ 18 ਸਾਲ ਤੋਂ ਸੈਤਾਮਾ ਪ੍ਰੀਫੈਕਟਰ ਸ਼ਹਿਰ ਵਿਚ ਇਕ ਭਾਰਤੀ ਰੈਸਟੋਰੈਂਟ ਚਲਾ ਰਹੇ ਨੇ। ਇਕ ਰਿਪੋਰਟ ਦੇ ਮੁਤਾਬਕ ਜਪਾਨ ਵਿਚ ਆਈਐਸਏ ਦੇ ਨਵੇਂ ਨਿਯਮਾਂ ਦੇ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਚੱਲ ਰਹੇ ਨੇ,, ਅਜਿਹੇ ਹੀ ਇਕ ਪ੍ਰਦਰਸ਼ਨ ਵਿਚ ਮਨੀਸ਼ ਕੁਮਾਰ ਵੀ ਸ਼ਾਮਲ ਹੋਇਆ ਸੀ। ਮਨੀਸ਼ ਨੇ ਰੋਂਦੇ ਹੋਏ ਆਖਿਆ : ਜਪਾਨ ਸਰਕਾਰ ਵੱਲੋਂ ਵੀ ਹੋਰਨਾਂ ਕਈ ਦੇਸ਼ਾਂ ਵਾਂਗ ਆਪਣੇ ਇਮੀਗ੍ਰੇਸ਼ਨ ਨਿਯਮਾਂ ਵਿਚ ਬਦਲਾਅ ਕੀਤਾ ਗਿਆ ਏ,, ਜਿਸ ਤੋਂ ਬਾਅਦ ਜਪਾਨ ਰਹਿੰਦੇ ਭਾਰਤੀਆਂ ਸਮੇਤ ਹੋਰ ਪਰਵਾਸੀਆਂ ਦੀਆਂ ਮੁਸ਼ਕਲਾਂ ਵਧ ਚੁੱਕੀਆਂ ਨੇ ਕਿਉਂਕਿ ਨਵੇਂ ਨਿਯਮ ਇੰਨੇ ਸਖ਼ਤ ਕਰ ਦਿੱਤੇ ਗਏ ਨੇ,, ਕਿ ਬਹੁਤ ਸਾਰੇ ਲੋਕਾਂ 'ਤੇ ਦੇਸ਼ ਛੱਡਣ ਦੀ ਤਲਵਾਰ ਲਟਕ ਚੁੱਕੀ ਐ। 30 ਸਾਲ ਤੋਂ ਜਪਾਨ ਰਹਿੰਦੇ ਇਕ ਭਾਰਤੀ ਕਾਰੋਬਾਰੀ ਨੂੰ ਵੀ ਜਪਾਨ ਛੱਡਣ ਦੇ ਆਦੇਸ਼ ਹੋ ਚੁੱਕੇ ਨੇ,, ਜਿਸ ਨੇ ਰੋ-ਰੋ ਕੇ ਆਪਣਾ ਦਰਦ ਬਿਆਨ ਕੀਤਾ। ਆਓ ਤੁਹਾਨੂੰ ਦਿਖਾਉਨੇ ਆਂ, ਕੀ ਐ ਪੂਰੀ ਖ਼ਬਰ।ਕਿਸੇ ਵਿਦੇਸ਼ੀ ਨਾਗਰਿਕ ਕੋਲ ਜਪਾਨ 'ਚ ਕਾਰੋਬਾਰ ਕਰਨ ਲਈ ਘੱਟੋ-ਘੱਟ 30 ਮਿਲੀਅਨ ਯੇਨ ਯਾਨੀ 2 ਕਰੋੜ ਰੁਪਏ ਹੋਣੇ ਹੀ ਚਾਹੀਦੇ ਹਨ।

- ਇਸ ਤੋਂ ਪਹਿਲਾਂ ਦੇ ਨਿਯਮ ਵਿਚ ਇਹ ਰਾਸ਼ੀ 5 ਮਿਲੀਅਨ ਯੇਨ ਯਾਨੀ 30 ਲੱਖ ਰੁਪਏ ਹੁੰਦੀ ਸੀ।
- ਕਾਰੋਬਾਰ ਜਾਂ ਕੰਪਨੀ ਵਿਚ ਕੰਮ ਕਰਨ ਵਾਲਾ ਮੁਲਾਜ਼ਮ ਜਪਾਨੀ ਨਾਗਰਿਕ ਹੋਣਾ ਚਾਹੀਦਾ


**Cee7news** ਦਾਲਤ ਨੇ ਇੱਕ ਮਾਣਹਾਨੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਪੰਜਾਬ ਦੇ ਰਾਜ ਚੋਣ ਕਮਿਸ਼ਨਰ ਖ਼ਿਲਾਫ਼ ਨੋਟਿਸ ਆਫ਼ ਮੋਸ਼ਨ ਜਾਰੀ ਕੀਤਾ ਹੈ।

# ਔਨਲਾਈਨ ਨਾਮਜ਼ਦਗੀ ਨਿਰਦੇਸ਼: ਹਾਈਕੋਰਟ ਵੱਲੋਂ ਹੁਕਮਾਂ ਦੀ ਉਲੰਘਣਾ ਦੇ ਮਾਮਲੇ ਵਿੱਚ ਪੰਜਾਬ ਦੇ ਰਾਜ ਚੋਣ ਕਮਿਸ਼ਨਰ ਨੂੰ ਨੋਟਿਸ

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਥਾਨਕ ਚੋਣਾਂ ਵਿੱਚ ਸੁਧਾਰ ਲਿਆਉਣ ਅਤੇ ਉਮੀਦਵਾਰਾਂ ਲਈ ਵਿਕਲਪਿਕ ਤੌਰ 'ਤੇ ਔਨਲਾਈਨ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦੀ ਪ੍ਰਣਾਲੀ ਸ਼ੁਰੂ ਕਰਨ ਸਬੰਧੀ ਦਿੱਤੇ ਗਏ ਨਿਰਦੇਸ਼ਾਂ ਦੀ ਪਾਲਣਾ ਨਾ ਕਰਨ ਦੇ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲਿਆ ਹੈ। ਅਦਾਲਤ ਨੇ ਸੋਮਵਾਰ ਨੂੰ ਇੱਕ ਤੌਹੀਨ-ਏ-ਅਦਾਲਤ (contempt petition) ਯਾਨੀ ਅਦਾਲਤ ਦੀ ਮਾਣਹਾਨੀ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਪੰਜਾਬ ਦੇ ਰਾਜ ਚੋਣ ਕਮਿਸ਼ਨਰ ਖ਼ਿਲਾਫ਼ ਨੋਟਿਸ ਆਫ਼ ਮੋਸ਼ਨ ਜਾਰੀ ਕੀਤਾ ਹੈ। ਇਹ ਕਾਰਵਾਈ ਐਡਵੋਕੇਟ ਨਿਖਿਲ ਥੰਮਨ ਵੱਲੋਂ ਨਿੱਜੀ ਤੌਰ 'ਤੇ ਦਾਇਰ ਕੀਤੀ ਗਈ ਪਟੀਸ਼ਨ 'ਤੇ ਅਮਲ ਵਿੱਚ ਲਿਆਂਦੀ ਗਈ ਹੈ। ਪਟੀਸ਼ਨਰ ਨੇ ਦੋਸ਼ ਲਗਾਇਆ ਹੈ ਕਿ ਰਾਜ ਚੋਣ ਕਮਿਸ਼ਨਰ ਨੇ ਨਗਰ ਨਿਗਮ, ਨਗਰ ਕੌਂਸਲ ਅਤੇ ਪੰਚਾਇਤੀ ਚੋਣਾਂ ਵਿੱਚ ਸੁਧਾਰਾਂ ਨਾਲ ਜੁੜੀ ਇੱਕ ਪੁਰਾਣੀ ਜਨਹਿਤ ਪਟੀਸ਼ਨ (PIL) 'ਤੇ ਹਾਈ ਕੋਰਟ ਵੱਲੋਂ ਜਾਰੀ ਕੀਤੇ ਗਏ ਦਿਸ਼ਾ-ਨਿਰਦੇਸ਼ਾਂ ਦੀ ਜਾਣਬੁੱਝ ਕੇ ਉਲੰਘਣਾ ਕੀਤੀ ਹੈ। ਇਸ ਮਾਮਲੇ ਦੀ ਸੁਣਵਾਈ ਜਸਟਿਸ ਵਿਕਾਸ ਬਹਿਲ ਦੇ ਬੈਂਚ ਵੱਲੋਂ ਕੀਤੀ ਗਈ, ਜਿਸ ਨੇ ਸਬੰਧਤ ਅਧਿਕਾਰੀ (ਰਾਜ ਚੋਣ ਕਮਿਸ਼ਨਰ) ਨੂੰ 27 ਮਈ ਤੱਕ ਆਪਣਾ ਪੱਖ ਰੱਖਣ ਲਈ ਨੋਟਿਸ ਜਾਰੀ ਕੀਤਾ ਹੈ।

ਅਦਾਲਤ ਦੇ ਪੁਰਾਣੇ ਹੁਕਮ ਅਤੇ ਤੈਅ ਸਮਾਂ-ਸੀਮਾ

ਇਸ ਤੋਂ ਪਹਿਲਾਂ, ਮੁੱਖ ਜੱਜ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੇ ਡਿਵੀਜ਼ਨ ਬੈਂਚ ਨੇ 6 ਫਰਵਰੀ ਨੂੰ ਇਸੇ ਜਨਹਿਤ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਰਾਜ ਚੋਣ ਕਮਿਸ਼ਨ ਨੂੰ ਹੁਕਮ ਦਿੱਤੇ ਸਨ ਕਿ ਉਹ ਪਟੀਸ਼ਨਰ ਵੱਲੋਂ 14 ਦਸੰਬਰ 2025 ਨੂੰ ਦਿੱਤੀ ਗਈ ਪ੍ਰਤੀਬੇਨਤੀ (representation) 'ਤੇ ਗੰਭੀਰਤਾ ਨਾਲ ਵਿਚਾਰ ਕਰੇ। ਅਦਾਲਤ ਨੇ ਚੋਣ ਕਮਿਸ਼ਨ ਨੂੰ 60 ਦਿਨਾਂ ਦੇ ਅੰਦਰ-ਅੰਦਰ ਇੱਕ ਸਪੱਸ਼ਟ ਅਤੇ ਤਰਕਪੂਰਨ ਹੁਕਮ (speaking order) ਪਾਸ ਕਰਕੇ ਆਪਣਾ ਫ਼ੈਸਲਾ ਸੂਚਿਤ ਕਰਨ ਲਈ ਕਿਹਾ ਸੀ, ਪਰ ਇਸ ਤੈਅ ਸਮੇਂ ਦੇ ਬੀਤ ਜਾਣ ਦੇ ਬਾਵਜੂਦ ਕਮਿਸ਼ਨ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ ਅਤੇ ਅਦਾਲਤ ਦੇ ਹੁਕਮਾਂ ਨੂੰ ਅਣਗੌਲਿਆ ਕਰ ਦਿੱਤਾ ਗਿਆ।ਚੋਣਾਂ ਦੌਰਾਨ ਹਿੰਸਾ ਅਤੇ ਗੁੰਡਾਗਰਦੀ ਦਾ ਮੁੱਦਾਜਨਹਿਤ ਪਟੀਸ਼ਨ ਵਿੱਚ ਪੰਜਾਬ ਅੰਦਰ ਸਥਾਨਕ ਚੋਣਾਂ ਦੌਰਾਨ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਵੇਲੇ ਵਾਪਰਦੀਆਂ ਹਿੰਸਾ, ਧਮਕਾਉਣ ਅਤੇ ਹੰਗਾਮੇ ਦੀਆਂ ਮੰਦਭਾਗੀਆਂ ਘਟਨਾਵਾਂ ਵੱਲ ਅਦਾਲਤ ਦਾ ਵਿਸ਼ੇਸ਼ ਧਿਆਨ ਦਿਵਾਇਆ ਗਿਆ ਸੀ।




ਪਟੀਸ਼ਨ ਵਿੱਚ ਸਪੱਸ਼ਟ ਤੌਰ 'ਤੇ ਦੋਸ਼ ਲਗਾਏ ਗਏ ਸਨ ਕਿ ਚੋਣਾਂ ਦੌਰਾਨ ਸੱਤਾਧਾਰੀ ਜਾਂ ਰਸੂਖ਼ਵਾਨ ਧਿਰਾਂ ਵੱਲੋਂ ਵਿਰੋਧੀ ਉਮੀਦਵਾਰਾਂ ਦੇ ਨਾਮਜ਼ਦਗੀ ਫਾਰਮ ਪਾੜ ਦਿੱਤੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਸਰੀਰਕ ਤੌਰ 'ਤੇ ਚੋਣ ਦਫ਼ਤਰਾਂ ਵਿੱਚ ਫਾਰਮ ਜਮ੍ਹਾਂ ਕਰਵਾਉਣ ਤੋਂ ਜ਼ੋਰ-ਜ਼ਬਰਦਸਤੀ ਨਾਲ ਰੋਕਿਆ ਜਾਂਦਾ ਹੈ। ਅਜਿਹੇ ਮਾਹੌਲ ਕਾਰਨ ਲੋਕਤੰਤਰ ਦੀ ਭਾਵਨਾ ਨੂੰ ਭਾਰੀ ਠੇਸ ਪਹੁੰਚਦੀ ਹੈ ਅਤੇ ਨਿਰਪੱਖ ਚੋਣਾਂ ਕਰਵਾਉਣਾ ਅਸੰਭਵ ਹੋ ਜਾਂਦਾ ਹੈ।'ਸੁਵਿਧਾ' ਪੋਰਟਲ ਦੀ ਤਰਜ਼ 'ਤੇ ਔਨਲਾਈਨ ਪ੍ਰਣਾਲੀ ਦੀ ਮੰਗ ਇਸ ਗੁੰਡਾਗਰਦੀ ਅਤੇ ਧੱਕੇਸ਼ਾਹੀ ਨੂੰ ਠੱਲ੍ਹ ਪਾਉਣ ਲਈ ਪਟੀਸ਼ਨਰ ਨੇ ਮੰਗ ਕੀਤੀ ਸੀ ਕਿ ਭਾਰਤੀ ਚੋਣ ਕਮਿਸ਼ਨ (ECI) ਵੱਲੋਂ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਲਈ ਬਣਾਏ ਗਏ 'ਸੁਵਿਧਾ' (Suvidha) ਪੋਰਟਲ ਦੀ ਤਰਜ਼ 'ਤੇ ਪੰਜਾਬ ਦੀਆਂ ਸਥਾਨਕ ਚੋਣਾਂ ਵਿੱਚ ਵੀ ਉਮੀਦਵਾਰਾਂ ਨੂੰ ਘਰ ਬੈਠੇ ਔਨਲਾਈਨ ਫਾਰਮ ਭਰਨ ਦਾ ਵਿਕਲਪ ਦਿੱਤਾ ਜਾਵੇ। ਜੇਕਰ ਇਹ ਡਿਜੀਟਲ ਪ੍ਰਣਾਲੀ ਲਾਗੂ ਹੁੰਦੀ ਹੈ, ਤਾਂ ਕੋਈ ਵੀ ਅਨਸਰ ਕਿਸੇ ਉਮੀਦਵਾਰ ਨੂੰ ਨਾਮਜ਼ਦਗੀ ਦਾਖਲ ਕਰਨ ਤੋਂ ਨਹੀਂ ਰੋਕ ਸਕੇਗਾ ਅਤੇ ਚੋਣ ਪ੍ਰਕਿਰਿਆ ਪਾਰਦਰਸ਼ੀ ਬਣੇਗੀ। ਪਟੀਸ਼ਨਰ ਨੇ ਕਿਹਾ ਕਿ ਹਾਈ ਕੋਰਟ ਦੇ ਸਪੱਸ਼ਟ ਹੁਕਮਾਂ ਦੇ ਬਾਵਜੂਦ ਰਾਜ ਚੋਣ ਕਮਿਸ਼ਨ ਦੀ ਨਾਕਾਮੀ ਅਤੇ ਲਾਪਰਵਾਹੀ ਕਾਰਨ ਹੁਣ ਉਨ੍ਹਾਂ ਨੂੰ ਅਦਾਲਤ ਦੀ ਮਾਣਹਾਨੀ ਦੇ ਤਹਿਤ ਕਾਰਵਾਈ ਦੀ ਮੰਗ ਕਰਨੀ ਪਈ ਹੈ, ਜਿਸ 'ਤੇ ਹੁਣ ਹਾਈਕੋਰਟ ਨੇ ਸਖ਼ਤ ਰੁਖ਼ ਅਖਤਿਆਰ ਕਰ ਲਿਆ ਹੈ।




# ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕੋਰਸ ਪੇਸ਼ ਕਰਨ 'ਤੇ ਲੱਗੀ ਰੋਕ

ਆਸਟ੍ਰੇਲੀਆ ਦੀ ਲੇਬਰ ਸਰਕਾਰ ਨੇ ਦੇਸ਼ ਦੀ ਵੀਜ਼ਾ ਪ੍ਰਣਾਲੀ ਅਤੇ ਉੱਚ ਸਿੱਖਿਆ ਖੇਤਰ ਵਿੱਚ ਵੱਡੇ ਸੁਧਾਰਾਂ ਦਾ ਐਲਾਨ ਕਰਦਿਆਂ ਇੱਕ ਇਤਿਹਾਸਕ ਅਤੇ ਸਖ਼ਤ ਫੈਸਲਾ ਲਿਆ ਹੈ। ਸਰਕਾਰ ਵੱਲੋਂ ਨਵੇਂ ਪ੍ਰਾਈਵੇਟ ਕਾਲਜਾਂ ਅਤੇ ਸਿਖਲਾਈ ਸੰਸਥਾਵਾਂ (ਪ੍ਰਾਈਵੇਟ ਟ੍ਰੇਨਿੰਗ ਇੰਸਟੀਚਿਊਟਸ) ਦੁਆਰਾ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਨਵੇਂ ਕੋਰਸ ਪੇਸ਼ ਕਰਨ 'ਤੇ 12 ਮਹੀਨਿਆਂ (ਇੱਕ ਸਾਲ) ਲਈ ਅਸਥਾਈ ਰੋਕ ਲਗਾ ਦਿੱਤੀ ਗਈ ਹੈ। ਸਰਕਾਰ ਦਾ ਇਹ ਨਵਾਂ ਨਿਯਮ 18 ਮਈ 2026 (ਸੋਮਵਾਰ) ਤੋਂ ਦੇਸ਼ ਭਰ ਵਿੱਚ ਪੂਰੀ ਤਰ੍ਹਾਂ ਲਾਗੂ ਹੋ ਗਿਆ ਹੈ। ਇਸ ਫੈਸਲੇ ਨਾਲ ਖਾਸ ਕਰਕੇ ਕਿੱਤਾਮੁਖੀ ਸਿੱਖਿਆ ਅਤੇ ਸਿਖਲਾਈ (VET) ਅਤੇ ਵਿਦੇਸ਼ੀ ਵਿਦਿਆਰਥੀਆਂ ਲਈ ਅੰਗਰੇਜ਼ੀ ਭਾਸ਼ਾ ਦੇ ਗਹਿਣ ਕੋਰਸਾਂ (ELICOS) ਦੇ ਖੇਤਰ 'ਤੇ ਵੱਡਾ ਪ੍ਰਭਾਵ ਪੈਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।ਫੈਸਲੇ ਦਾ ਮੁੱਖ ਮਕਸਦ ਅਤੇ ਕਾਰਨ ਆਸਟ੍ਰੇਲੀਆਈ ਸਰਕਾਰ ਦੇ ਇਸ ਕਦਮ ਦਾ ਮੁੱਖ ਉਦੇਸ਼ ਸਿੱਖਿਆ ਪ੍ਰਣਾਲੀ ਵਿੱਚ ਮੌਜੂਦ ਖਾਮੀਆਂ ਨੂੰ ਦੂਰ ਕਰਨਾ, ਸਿਸਟਮ ਵਿੱਚ ਵੱਡੇ ਪੱਧਰ 'ਤੇ ਸੁਧਾਰ ਲਿਆਉਣਾ ਅਤੇ ਵੀਜ਼ਾ ਪ੍ਰਣਾਲੀ ਦੀ ਹੋ ਰਹੀ ਦੁਰਵਰਤੋਂ ਨੂੰ ਰੋਕਣਾ ਹੈ। ਪਿਛਲੇ ਕੁਝ ਸਮੇਂ ਤੋਂ ਦੇਸ਼ ਵਿੱਚ ਬਹੁਤ ਸਾਰੇ ਅਜਿਹੇ ਮਾਮਲੇ ਸਾਹਮਣੇ ਆ ਰਹੇ ਸਨ ਜਿੱਥੇ ਕੁਝ ਜਾਅਲੀ ਵਿਦਿਆਰਥੀ ਪੜ੍ਹਾਈ ਦੇ ਬਹਾਨੇ ਵੀਜ਼ਾ ਪ੍ਰਾਪਤ ਕਰ ਰਹੇ ਸਨ ਅਤੇ ਗੈਰ-ਕਾਨੂੰਨੀ ਸਿੱਖਿਆ ਏਜੰਟਾਂ ਦੁਆਰਾ ਮਾਰਕੀਟ ਨੂੰ ਖਰਾਬ ਕੀਤਾ ਜਾ ਰਿਹਾ ਸੀ।ਅੰਤਰਰਾਸ਼ਟਰੀ ਸਿੱਖਿਆ ਦੇ ਸਹਾਇਕ ਮੰਤਰੀ ਜੂਲੀਅਨ ਹਿੱਲ ਨੇ ਇਸ ਸਬੰਧੀ ਅਹਿਮ ਬਿਆਨ ਦਿੰਦਿਆਂ ਕਿਹਾ ਕਿ ਵਿਦੇਸ਼ੀ ਵਿਦਿਆਰਥੀਆਂ ਨੂੰ VET ਜਾਂ ELICOS ਕੋਰਸ ਪੜ੍ਹਾਉਣ ਲਈ ਨਵੇਂ ਨਿੱਜੀ ਅਦਾਰਿਆਂ ਦੀਆਂ ਰਜਿਸਟ੍ਰੇਸ਼ਨਾਂ ਨੂੰ ਮੁਅੱਤਲ ਕਰਨਾ ਕੋਈ ਸੌਖਾ ਫੈਸਲਾ ਨਹੀਂ ਸੀ। ਉਨ੍ਹਾਂ ਸਪੱਸ਼ਟ ਕੀਤਾ ਕਿ ਮਾਰਕੀਟ ਵਿੱਚ ਵਧ ਰਹੀ ਬੇਲੋੜੀ ਭੀੜ ਅਤੇ ਸਿੱਖਿਆ ਦੇ ਡਿਗ ਰਹੇ ਮਿਆਰ (ਗੁਣਵੱਤਾ) ਸਬੰਧੀ ਚਿੰਤਾਵਾਂ ਨੂੰ ਦੂਰ ਕਰਨ ਲਈ ਇਹ ਕਦਮ ਚੁੱਕਣਾ ਬੇਹੱਦ ਜ਼ਰੂਰੀ ਹੋ ਗਿਆ ਸੀ। ਮੰਤਰੀ ਅਨੁਸਾਰ, ਆਸਟ੍ਰੇਲੀਆ ਦੀ ਵਿਸ਼ਵ ਪੱਧਰੀ ਉੱਚ ਸਿੱਖਿਆ ਦੀ ਸਾਖ ਨੂੰ ਬਚਾਉਣ ਲਈ ਗੁਣਵੱਤਾ, ਇਮਾਨਦਾਰੀ, ਪਾਰਦਰਸ਼ਤਾ ਅਤੇ ਵਿਦਿਆਰਥੀਆਂ ਦੇ ਅਸਲ ਤਜ਼ਰਬੇ 'ਤੇ ਬੇਰਹਿਮੀ ਨਾਲ ਧਿਆਨ ਦੇਣ ਦੀ ਲੋੜ ਹੈ।ਫੈਸਲੇ ਦੇ ਦਾਇਰੇ ਤੋਂ ਬਾਹਰ ਰੱਖੇ ਗਏ ਅਦਾਰੇਸਰਕਾਰ ਨੇ ਇਹ ਵੀ ਸਾਫ਼ ਕਰ ਦਿੱਤਾ ਹੈ ਕਿ ਇਹ ਅਸਥਾਈ ਪਾਬੰਦੀ ਕੇਵਲ ਨਵੇਂ ਨਿੱਜੀ ਜਾਂ ਪ੍ਰਾਈਵੇਟ ਅਦਾਰਿਆਂ 'ਤੇ ਹੀ ਲਾਗੂ ਹੋਵੇਗੀ। ਇਸ ਫੈਸਲੇ ਦਾ ਪ੍ਰਭਾਵ ਆਸਟ੍ਰੇਲੀਆ ਦੇ ਸਰਕਾਰੀ ਸਕੂਲਾਂ, TAFE (ਤਕਨੀਕੀ ਅਤੇ ਅਗਲੇਰੀ ਸਿੱਖਿਆ ਸੰਸਥਾਵਾਂ) ਅਤੇ ਪ੍ਰਮੁੱਖ


ਸਰਕਾਰੀ ਯੂਨੀਵਰਸਿਟੀਆਂ 'ਤੇ ਬਿਲਕੁਲ ਨਹੀਂ ਪਵੇਗਾ। ਇਹ ਸਾਰੇ ਸਰਕਾਰੀ ਅਦਾਰੇ ਪਹਿਲਾਂ ਵਾਂਗ ਹੀ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕੋਰਸ ਪੇਸ਼ ਕਰਨਾ ਜਾਰੀ ਰੱਖ ਸਕਣਗੇ। ਸਰਕਾਰ ਮੁਤਾਬਕ, ਉਹ ਨਿਯਮਾਂ ਅਨੁਸਾਰ 'ਸਹੀ ਕੰਮ ਕਰਨ ਵਾਲੇ' ਜਾਇਜ਼ ਸਿੱਖਿਆ ਪ੍ਰਦਾਤਾਵਾਂ ਅਤੇ ਅਸਲ ਵਿੱਚ ਪੜ੍ਹਾਈ ਕਰਨ ਦੇ ਚਾਹਵਾਨ ਵਿਦਿਆਰਥੀਆਂ ਦੇ ਹਿੱਤਾਂ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਆਸਟ੍ਰੇਲੀਆ ਦੀ ਲੇਬਰ ਸਰਕਾਰ ਨੇ ਦੇਸ਼ ਦੀ ਵੀਜ਼ਾ ਪ੍ਰਣਾਲੀ ਅਤੇ ਉੱਚ ਸਿੱਖਿਆ ਖੇਤਰ ਵਿੱਚ ਵੱਡੇ ਸੁਧਾਰਾਂ ਦਾ ਐਲਾਨ ਕਰਦਿਆਂ ਇੱਕ ਇਤਿਹਾਸਕ ਅਤੇ ਸਖ਼ਤ ਫੈਸਲਾ ਲਿਆ ਹੈ। ਸਰਕਾਰ ਵੱਲੋਂ ਨਵੇਂ ਪ੍ਰਾਈਵੇਟ ਕਾਲਜਾਂ ਅਤੇ ਸਿਖਲਾਈ ਸੰਸਥਾਵਾਂ (ਪ੍ਰਾਈਵੇਟ ਟ੍ਰੇਨਿੰਗ ਇੰਸਟੀਚਿਊਟਸ) ਦੁਆਰਾ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਨਵੇਂ ਕੋਰਸ ਪੇਸ਼ ਕਰਨ 'ਤੇ 12 ਮਹੀਨਿਆਂ (ਇੱਕ ਸਾਲ) ਲਈ ਅਸਥਾਈ ਰੋਕ ਲਗਾ ਦਿੱਤੀ ਗਈ ਹੈ। ਸਰਕਾਰ ਦਾ ਇਹ ਨਵਾਂ ਨਿਯਮ 18 ਮਈ 2026 (ਸੋਮਵਾਰ) ਤੋਂ ਦੇਸ਼ ਭਰ ਵਿੱਚ ਪੂਰੀ ਤਰ੍ਹਾਂ ਲਾਗੂ ਹੋ ਗਿਆ ਹੈ। ਇਸ ਫੈਸਲੇ ਨਾਲ ਖਾਸ ਕਰਕੇ ਕਿੱਤਾਮੁਖੀ ਸਿੱਖਿਆ ਅਤੇ ਸਿਖਲਾਈ (VET) ਅਤੇ ਵਿਦੇਸ਼ੀ ਵਿਦਿਆਰਥੀਆਂ ਲਈ ਅੰਗਰੇਜ਼ੀ ਭਾਸ਼ਾ ਦੇ ਗਹਿਣ ਕੋਰਸਾਂ (ELICOS) ਦੇ ਖੇਤਰ 'ਤੇ ਵੱਡਾ ਪ੍ਰਭਾਵ ਪੈਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਆਸਟ੍ਰੇਲੀਆਈ ਸਰਕਾਰ ਦੇ ਇਸ ਕਦਮ ਦਾ ਮੁੱਖ ਉਦੇਸ਼ ਸਿੱਖਿਆ ਪ੍ਰਣਾਲੀ ਵਿੱਚ ਮੌਜੂਦ ਖਾਮੀਆਂ ਨੂੰ ਦੂਰ ਕਰਨਾ, ਸਿਸਟਮ ਵਿੱਚ ਵੱਡੇ ਪੱਧਰ 'ਤੇ ਸੁਧਾਰ ਲਿਆਉਣਾ ਅਤੇ ਵੀਜ਼ਾ ਪ੍ਰਣਾਲੀ ਦੀ ਹੋ ਰਹੀ ਦੁਰਵਰਤੋਂ ਨੂੰ ਰੋਕਣਾ ਹੈ। ਪਿਛਲੇ ਕੁਝ ਸਮੇਂ ਤੋਂ ਦੇਸ਼ ਵਿੱਚ ਬਹੁਤ ਸਾਰੇ ਅਜਿਹੇ ਮਾਮਲੇ ਸਾਹਮਣੇ ਆ ਰਹੇ ਸਨ ਜਿੱਥੇ ਕੁਝ ਜਾਅਲੀ ਵਿਦਿਆਰਥੀ ਪੜ੍ਹਾਈ ਦੇ ਬਹਾਨੇ ਵੀਜ਼ਾ ਪ੍ਰਾਪਤ ਕਰ ਰਹੇ ਸਨ ਅਤੇ ਗੈਰ-ਕਾਨੂੰਨੀ ਸਿੱਖਿਆ ਏਜੰਟਾਂ ਦੁਆਰਾ ਮਾਰਕੀਟ ਨੂੰ ਖਰਾਬ ਕੀਤਾ ਜਾ ਰਿਹਾ ਸੀ।ਅੰਤਰਰਾਸ਼ਟਰੀ ਸਿੱਖਿਆ ਦੇ ਸਹਾਇਕ ਮੰਤਰੀ ਜੂਲੀਅਨ ਹਿੱਲ ਨੇ ਇਸ ਸਬੰਧੀ ਅਹਿਮ ਬਿਆਨ ਦਿੰਦਿਆਂ ਕਿਹਾ ਕਿ ਵਿਦੇਸ਼ੀ ਵਿਦਿਆਰਥੀਆਂ ਨੂੰ VET ਜਾਂ ELICOS ਕੋਰਸ ਪੜ੍ਹਾਉਣ ਲਈ ਨਵੇਂ ਨਿੱਜੀ ਅਦਾਰਿਆਂ ਦੀਆਂ ਰਜਿਸਟ੍ਰੇਸ਼ਨਾਂ ਨੂੰ ਮੁਅੱਤਲ ਕਰਨਾ ਕੋਈ ਸੌਖਾ ਫੈਸਲਾ ਨਹੀਂ ਸੀ। ਉਨ੍ਹਾਂ ਸਪੱਸ਼ਟ ਕੀਤਾ ਕਿ ਮਾਰਕੀਟ ਵਿੱਚ ਵਧ ਰਹੀ ਬੇਲੋੜੀ ਭੀੜ ਅਤੇ ਸਿੱਖਿਆ ਦੇ ਡਿਗ ਰਹੇ ਮਿਆਰ (ਗੁਣਵੱਤਾ) ਸਬੰਧੀ ਚਿੰਤਾਵਾਂ ਨੂੰ ਦੂਰ ਕਰਨ ਲਈ ਇਹ ਕਦਮ ਚੁੱਕਣਾ ਬੇਹੱਦ ਜ਼ਰੂਰੀ ਹੋ ਗਿਆ ਸੀ।

## ਇਹੀ ਤਾਂ ਸੀ ਸਾਡਾ ਵਿਰਸਾ



ਖੇਸ ਚਤੁੱਈਆਂ ਅਤੇ ਦਰੀਆਂ ਵੀ,
ਬੀਬੀਆਂ ਕਿਧਰੇ ਬੁਣਦੀਆਂ ਨਾ।
ਤੇ ਖੱਡੀਆਂ ਘਰਾਂ ਚ ਪੱਟ ਕੇ ਓਹੋ,
ਤਾਣਾਂ ਅੱਜਕਲ੍ਹ ਉਣਦੀਆਂ ਨਾ।
ਚਰਖੇ ਤੇ ਤੰਦ ਪਾਉਣਾ ਕਾਹਦਾ,
ਚਰਖੇ ਨੂੰ ਹੀ ਜਾਣਦੀਆਂ ਨਹੀਂ?
ਗੁੱਝ ਚਰਖੇ ਦੀ ਮੂਹਰੇ ਰੱਖ ਦਿਓ,
ਬਿਲਕੁਲ ਵੀ ਪਹਿਚਾਣਦੀਆਂ ਨਹੀਂ।
ਛੋਪ ਪਾਉਣਾ ਸੀ ਕਿਸ ਨੂੰ ਕਹਿੰਦੇ,
ਨਾ ਅੱਜਕਲ੍ਹ ਜਾਨਣ ਇਹ ਕੁੜੀਆਂ।
ਬਿਲਕੁਲ ਨਾ ਦਿਲਚਸਪੀ ਲੈਂਦੀਆਂ,
ਜੇ ਪੁਰਾਣੀਆਂ ਦੱਸਣ ਬੁੜ੍ਹੀਆਂ।
ਕਿਤੇ ਨਮੂਨਾ ਨਾ ਕੋਈ ਲਾਹਕੇ ਲੈਜੇ,
ਓਦੋਂ ਢੱਕ ਲੈਂਦੀਆਂ ਸੀ ਦਰੀਆਂ।
ਅੱਖੀਂ ਵੇਖੀਆਂ ਗੱਲਾਂ ਕਰਦੈ ਵੀਰੋ,
ਸ਼ਰਮਾਂ ਦੱਦਾਹੂਰੀਆ ਖਰੀਆਂ।
ਦੱਸੋ ਕੀ ਕੀ ਮੈਂ ਗੱਲ ਕਰਾਂ ਦੋਸਤੋ,
ਲੰਘ ਗਏ ਸਮੇਂ ਪੁਰਾਣਿਆਂ ਦੀ।
ਅਜੋਕੀ ਪੀੜ੍ਹੀ ਅਣਭਿੱਜ ਬਿਲਕੁਲ,
ਇਹ ਸੱਚੀ ਗੱਲ ਸਿਆਣਿਆਂ ਦੀ।
ਵਿਰਸਾ ਭੁੱਲ ਕੇ ਮੋਬਾਇਲੀਂ ਰੁੱਝੇ,
ਵੀਰਿਓ ਵੇਖੋ ਅੱਜਕਲ੍ਹ ਦੇ ਬੱਚੇ।
ਜਸਵੀਰ ਸ਼ਰਮਾਂ ਖਰੇ ਹੈ ਦਸਦਾ,
ਨਾਪ ਤੋਲ ਬੋਲ ਇਹ. ਸੱਚੇ।

ਜਸਵੀਰ ਸ਼ਰਮਾਂ ਦੱਦਾਹੂਰ
ਸ੍ਰੀ ਮੁਕਤਸਰ ਸਾਹਿਬ
95691-49556

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਰੁੱਖ...**

ਰੁੱਖਾਂ ਤੋਂ ਸਿੱਖੀਏ , ਵੰਡਣਾ। ਰੁੱਖ ਦਿੰਦੇ ਨੇ ਹਵਾ, ਫ਼ਲ, ਫ਼ੁੱਲ, ਪੱਤੀਆਂ, ਲੱਕੜੀ, ਛਾਂ ਤੇ ਸੁੰਦਰ ਨਜ਼ਾਰੇ। ਬਿਨਾਂ ਸ਼ਰਤ। ਮੀਂਹ ਲਿਆਉਂਦੇ ਨੇ। ਸਾਡੀ ਦੁਨੀਆਂ ਵਸਾਉਂਦੇ ਨੇ। ਹਮੇਸ਼ਾ ਰਹਿੰਦੇ ਨੇ ਖ਼ੁਸ਼॥ ਇੱਕ ਰੁੱਖ ਸੌ ਸੁੱਖ। ਰੁੱਖ ਲਾਉਣ ਦਾ ਸ਼ੌਕ ਪਾਲਣ ਵਾਲੇ ਅਕਸਰ ਜ਼ਿੰਦਗੀ 'ਚ ਠੰਡੀਆਂ ਛਾਵਾਂ ਮਾਣਦੇ ਨੇ॥ ਰੁੱਖਾਂ 'ਚੋਂ ਰਿਸ਼ਤਿਆਂ ਦਾ ਨਿੱਘ ਮਿਲਦੈ। ਰੁੱਖਾਂ ਨਾਲ ਯਾਰੀ ਲਾ ਕੇ ਦੇਖੋ। ਵਕਤ ਤੀਆਂ ਵਾਂਗ ਲੰਘਣ ਲੱਗੇਗਾ॥

**ਛਾਵਾਂ...**

ਬਜ਼ੁਰਗਾਂ ਦੇ ਆਸ਼ੀਰਵਾਦ ਦੀਆਂ ਛਾਵਾਂ ਦਾ ਨਿੱਘ ਉਨਾਂ ਨਾਲ ਬਿਤਾਏ ਪਲਾਂ 'ਚੋਂ ਲੱਭਦੈ। ਫੋਕੀਆਂ ਗੱਲਾਂ ਨੇ ਤਾਂ ਨਫ਼ਰਤ ਹੀ ਉਗਲ਼ਨੀ ਹੈ॥ ਹੱਥੀਂ ਛਾਵਾਂ ਕਰਨ ਲੱਗ ਪਵੋ ਤਾਂ ਪਸ਼ੂ ਪੰਛੀ ਵੀ ਇਸ਼ਾਰਿਆਂ 'ਤੇ ਨੱਚਣ ਲੱਗ ਪੈਂਦੇ ਨੇ॥ ਤਪਦੀਆਂ ਲੋਆਂ 'ਚ ਠੰਡੀਆਂ ਛਾਵਾਂ ਦਾ ਆਨੰਦ ਲਗਾਤਾਰ ਮਾਨਣੈ ਤਾਂ ਹੱਥੀ ਰੁੱਖ ਲਗਾਓ। ਪਾਲਣਾ ਕਰਦੇ ਜਾਓ॥
-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰਗੇਨਾਈਜ਼ਿੰਗ ਕਮਿਸ਼ਨਰ ਮਾਨਸਾ।

## ਸਵੇਰ ਸੁਨੇਹਾ



ਭਾਰਤ ਦੇਸ਼ ਵਿੱਚ ਪੈਟਰੋਲ ਡੀਜਲ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ। ਕਾਰੋਬਾਰੀ ਤੇ ਵਪਾਰੀ ਵਰਗ ਤਾਂ ਆਪਣੇ ਸਾਮਾਨ ਦੀਆਂ ਕੀਮਤਾਂ ਉੱਪਰ ਚੁੱਕ ਕੇ ਆਪਣਾ ਘਾਟਾ ਪੂਰਾ ਕਰ ਲੈਣਗੇ। ਇਸ ਦੀ ਮਾਰ ਤਾਂ ਕਿਸਾਨ, ਮਜ਼ਦੂਰ ਤੇ ਮੁਲਾਜ਼ਮਾਂ ਨੂੰ ਪੈਣੀ ਹੈ।
ਗੁਰਮੀਤ ਸਿੰਘ ਸਿੱਧੂ ਫਰੀਦਕੋਟ।
81465 93089








## ਅੱਜਕੱਲ੍ਹ ਹਰ ਕੋਈ ਬਿਜ਼ਨਸ ਸ਼ੁਰੂ ਕਰਨਾ ਚਾਹੁੰਦਾ ਹੈ।ਸ਼ਾਇਦ ਇਸ ਲਈ ਕਿਉਂਕਿ ਲੋਕਾਂ ਨੂੰ ਬਿਜ਼ਨਸਮੈਨ ਬਹੁਤ ਤੇਜ਼ੀ ਨਾਲ ਅੱਗੇ ਵਧਦੇ ਨਜ਼ਰ ਆਉਂਦੇ ਹਨ।

— ਮਨਿੰਦਰ ਸਿੰਘ ਸੌਂਦ

ਅੱਜਕੱਲ੍ਹ ਹਰ ਕੋਈ ਬਿਜ਼ਨਸ ਸ਼ੁਰੂ ਕਰਨਾ ਚਾਹੁੰਦਾ ਹੈ।
ਸ਼ਾਇਦ ਇਸ ਲਈ ਕਿਉਂਕਿ ਲੋਕਾਂ ਨੂੰ ਬਿਜ਼ਨਸਮੈਨ ਬਹੁਤ ਤੇਜ਼ੀ ਨਾਲ ਅੱਗੇ ਵਧਦੇ ਨਜ਼ਰ ਆਉਂਦੇ ਹਨ।

ਹਾਂ, ਬਿਜ਼ਨਸ ਬਹੁਤ ਤੇਜ਼ੀ ਨਾਲ grow ਕਰਦਾ ਹੈ... ਪਰ ਇੱਕ ਸੱਚ ਇਹ ਵੀ ਹੈ ਕਿ ਉਸ speed ਤੱਕ ਪਹੁੰਚਣ ਤੋਂ ਪਹਿਲਾਂ, ਉਸਨੂੰ ਬੇਹੱਦ ਔਖਾ ਸਮਾਂ ਸਹਿਣਾ ਪੈਂਦਾ ਹੈ।ਬਿਜ਼ਨਸ ਸ਼ੁਰੂ ਵਿੱਚ ਤੁਹਾਡੀ ਹਿੰਮਤ, ਤੁਹਾਡੀ patience, ਤੁਹਾਡੀ ਨੀਂਦ, ਤੁਹਾਡਾ confidence... ਸਭ ਕੁਝ test ਕਰਦਾ ਹੈ।
ਕਈ ਵਾਰ ਇਹ ਤੁਹਾਨੂੰ ਉਸ ਥਾਂ ਤੱਕ ਲੈ ਜਾਂਦਾ ਹੈ ਜੋ ਤੁਸੀਂ ਨੌਕਰੀ ਕਰਦੇ ਹੋਏ ਵੀ ਕਦੇ ਨਹੀਂ ਦੇਖੀ ਹੁੰਦੀ।
ਅਤੇ ਇਹ ਸਭ ਉਹ reward ਦੇਣ ਤੋਂ ਪਹਿਲਾਂ ਹੁੰਦਾ ਹੈ ਜਿਸਦਾ ਤੁਸੀਂ ਸੁਪਨਾ ਦੇਖਿਆ ਹੁੰਦਾ ਹੈ।
ਮੈਂ ਆਪਣੇ ਅੱਖਾਂ ਨਾਲ ਲੋਕਾਂ ਨੂੰ ਬਿਜ਼ਨਸ ਛੱਡਦੇ ਵੇਖਿਆ ਹੈ।
ਵੱਡੇ dreams ਨਾਲ ਸ਼ੁਰੂ ਕਰਨ ਵਾਲੇ ਲੋਕ...
ਕੁਝ ਸਾਲਾਂ ਵਿੱਚ ਥੱਕ ਕੇ ਵਾਪਸ ਮੁੜ ਜਾਂਦੇ ਹਨ।
ਕਿਉਂਕਿ reality Instagram reels ਤੋਂ ਕਾਫ਼ੀ ਵੱਖਰੀ ਹੁੰਦੀ ਹੈ।

ਕਹਿੰਦੇ ਹਨ ਕਿ 95% ਬਿਜ਼ਨਸ ਪਹਿਲੇ 5 ਸਾਲਾਂ ਵਿੱਚ ਬੰਦ ਹੋ ਜਾਂਦੇ ਹਨ।
ਇਹ ਗਿਣਤੀ ਡਰਾਉਣ ਲਈ ਨਹੀਂ... ਸਮਝਾਉਣ ਲਈ ਹੈ।
ਕਿ ਬਿਜ਼ਨਸ ਸਿਰਫ਼ “idea” ਨਹੀਂ ਹੁੰਦਾ, ਇਹ ਹਰ ਰੋਜ਼ ਦੀ ਲੜਾਈ ਹੁੰਦੀ ਹੈ।

ਅਤੇ ਸਭ ਤੋਂ ਵੱਡੀ resistance ਕਈ ਵਾਰ ਬਾਹਰੋਂ ਨਹੀਂ... ਆਪਣੇ ਘਰ ਤੋਂ ਆਉਂਦੀ ਹੈ।
ਪਰਿਵਾਰ ਤੁਹਾਨੂੰ ਰੋਕਦਾ ਹੈ, ਕਿਉਂਕਿ ਉਹ ਤੁਹਾਨੂੰ ਪਿਆਰ ਕਰਦੇ ਹਨ।
ਉਹ ਤੁਹਾਨੂੰ ਤਕਲੀਫ਼ ਵਿੱਚ ਨਹੀਂ ਦੇਖਣਾ ਚਾਹੁੰਦੇ।

ਮੇਰੇ ਨਾਲ ਵੀ ਇਹੀ ਹੋਇਆ ਸੀ।
ਜਦੋਂ ਮੈਂ ਆਪਣਾ ਪਹਿਲਾ ਬਿਜ਼ਨਸ ਸ਼ੁਰੂ ਕੀਤਾ, ਮੇਰੇ parents ਮੈਨੂੰ ਵਾਰ-ਵਾਰ job ਕਰਨ ਲਈ ਕਹਿੰਦੇ ਰਹੇ।
ਉਹ ਕਹਿੰਦੇ ਸਨ ਕਿ ਅੱਜਕੱਲ੍ਹ ਬਿਜ਼ਨਸ ਆਸਾਨ ਨਹੀਂ ਰਹੇ।

ਅਤੇ ਸੱਚ ਪੁੱਛੋ ਤਾਂ ਉਹ ਗਲਤ ਵੀ ਨਹੀਂ ਸਨ।
ਬਿਜ਼ਨਸ ਸੱਚਮੁੱਚ ਔਖਾ ਹੈ।
ਇੱਥੇ ਹਰ ਦਿਨ uncertainty ਹੁੰਦੀ ਹੈ।

ਪਰ ਮੇਰੇ ਅੰਦਰ ਇੱਕ confidence ਸੀ।
ਮੈਨੂੰ ਆਪਣੇ ਆਪ ਉੱਤੇ ਯਕੀਨ ਸੀ ਕਿ ਮੈਨੂੰ ਇਹ ਕਰਕੇ ਦਿਖਾਉਣਾ ਪੈਣਾ ਹੈ।
ਮੈਂ fully committed ਸੀ... ਕਿਉਂਕਿ ਮੈਂ ਆਪਣੇ dreams ਸਿਰਫ਼ ਬਿਜ਼ਨਸ ਵਿੱਚ ਹੀ ਦੇਖ ਸਕਦਾ ਸੀ।

ਨੌਕਰੀ ਮੇਰੀਆਂ ਜ਼ਰੂਰਤਾਂ ਪੂਰੀ ਕਰ ਸਕਦੀ ਸੀ...
ਪਰ ਮੇਰੇ ਵੱਡੇ ਸੁਪਨੇ ਨਹੀਂ।
ਮੇਰਾ ਦਿਲ ਹਰ ਵਾਰ ਮੈਨੂੰ ਇੱਕੋ ਗੱਲ ਕਹਿੰਦਾ ਸੀ — “ਤੂੰ ਇਸ ਤੋਂ ਵੱਧ ਲਈ ਬਣਿਆ ਹੈਂ।”

ਮੇਰਾ ਹਮੇਸ਼ਾ ਇੱਕ ਸੁਪਨਾ ਰਿਹਾ ਹੈ... ਇੱਕ 100 ਕਰੋੜ ਦੀ company build ਕਰਨ ਦਾ।
ਹਾਲੇ ਉਹ ਸੁਪਨਾ ਪੂਰਾ ਨਹੀਂ ਹੋਇਆ... ਪਰ ਅੱਜ ਮੈਨੂੰ ਇਹ ਸਾਫ਼ ਦਿਖਦਾ ਹੈ ਕਿ ਇਹ possible ਹੈ।

ਕਿਉਂਕਿ ਜਦੋਂ ਤੁਸੀਂ ਇੱਕ-ਇੱਕ ਦਿਨ struggle ਕਰਦੇ ਹੋ...
ਡਿੱਗਦੇ ਹੋ, ਸਿੱਖਦੇ ਹੋ, ਫਿਰ ਖੜ੍ਹੇ ਹੁੰਦੇ ਹੋ...
ਤਾਂ ਇੱਕ ਦਿਨ ਤੁਹਾਨੂੰ ਆਪਣੇ ਰਸਤੇ ਉੱਤੇ ਯਕੀਨ ਆਉਣਾ ਸ਼ੁਰੂ ਹੋ ਜਾਂਦਾ ਹੈ।

ਜਿਵੇਂ ਮੈਂ ਹਰ ਕਿਸੇ ਨੂੰ ਕਹਿੰਦਾ ਹਾਂ...
ਸਾਈਕਲ ਨੂੰ ਚਲਾਉਣ ਲਈ ਪਹਿਲਾ pedal ਸਭ ਤੋਂ ਜ਼ਿਆਦਾ ਜ਼ੋਰ ਨਾਲ ਮਾਰਨਾ ਪੈਂਦਾ ਹੈ।
ਉਸ ਵੇਲੇ cycle ਚਲਦੀ ਵੀ ਘੱਟ ਹੈ ਤੇ ਥਕਾਉਂਦੀ ਵੀ ਬਹੁਤ ਹੈ।

ਪਰ ਜਦੋਂ momentum ਬਣ ਜਾਂਦਾ ਹੈ...
ਫਿਰ ਉਹੀ cycle ਤੁਹਾਨੂੰ ਬਹੁਤ ਦੂਰ ਤੱਕ ਲੈ ਜਾਂਦੀ ਹੈ।
ਬਿਜ਼ਨਸ ਵੀ ਬਿਲਕੁਲ ਐਸਾ ਹੀ ਹੈ।

ਸ਼ੁਰੂ ਵਿੱਚ customers ਘੱਟ ਹੋਣਗੇ।
ਲੋਕ ਤੁਹਾਡੇ ਉੱਤੇ doubt ਕਰਨਗੇ।
ਕਈ ਵਾਰ ਆਪਣੇ ਵੀ ਤੁਹਾਡੇ decisions ਸਮਝ ਨਹੀਂ ਪਾਉਣਗੇ।

ਕਈ ਰਾਤਾਂ ਤੁਸੀਂ tension ਵਿੱਚ ਸੌਂ ਨਹੀਂ ਪਾਵੋਗੇ।
ਕਈ ਦਿਨ ਅਜਿਹਾ ਲੱਗੇਗਾ ਕਿ ਸ਼ਾਇਦ ਤੁਸੀਂ ਗਲਤ ਰਸਤੇ ਤੇ ਆ ਗਏ ਹੋ।
ਪਰ ਇੱਥੇ ਹੀ ਜ਼ਿਆਦਾਤਰ ਲੋਕ ਹਾਰ ਮੰਨ ਲੈਂਦੇ ਹਨ।

ਜਿਹੜੇ ਲੋਕ ਥੋੜ੍ਹਾ ਹੋਰ ਟਿਕ ਜਾਂਦੇ ਹਨ...
ਜਿਹੜੇ ਆਪਣੇ ਕੰਮ ਨਾਲ loyal ਰਹਿੰਦੇ ਹਨ...
ਉਹੀ ਇੱਕ ਦਿਨ ਲੋਕਾਂ ਲਈ “overnight success” ਬਣ ਜਾਂਦੇ ਹਨ।

ਇਸ ਲਈ ਜੇ ਤੁਸੀਂ ਬਿਜ਼ਨਸ ਸ਼ੁਰੂ ਕਰਨਾ ਚਾਹੁੰਦੇ ਹੋ, ਤਾਂ sirf profits ਦੇਖ ਕੇ ਨਾ ਆਓ।
ਆਓ ਤਾਂ ਇਸ ਨੀਅਤ ਨਾਲ ਆਓ ਕਿ ਤੁਸੀਂ ਹਰ ਹਾਲਤ ਵਿੱਚ ਸਿੱਖਦੇ ਰਹੋਗੇ, ਡਿੱਗ ਕੇ ਵੀ ਖੜ੍ਹੇ ਹੋਵੋਗੇ।

ਕਿਉਂਕਿ ਅਸਲੀ ਕਾਮਯਾਬੀ ਉਹਨਾਂ ਨੂੰ ਮਿਲਦੀ ਹੈ...
ਜੋ ਮੁਸ਼ਕਲ ਦਿਨਾਂ ਵਿੱਚ ਵੀ ਆਪਣਾ pedal ਮਾਰਨਾ ਨਹੀਂ ਛੱਡਦੇ।


ਅਤੇ ਅਖੀਰ ਵਿੱਚ,

ਕੋਸ਼ਿਸ਼ ਤਾਂ ਕਰਕੇ ਦੇਖੋ, ਨਹੀਂ "ਨਾਂਹ" ਤਾਂ ਹੈ ਹੀ।

ਧੰਨਵਾਦ ਸਹਿਤ 🙏

— ਮਨਿੰਦਰ ਸਿੰਘ ਸੌਂਦ

## ਸੈਣੀ ਭਾਈਚਾਰੇ ਨਾਲ ਸਬੰਧਿਤ ਲੋਕਾਂ ਵਿੱਚ ਬੜੀਆਂ ਖ਼ੂਬੀਆਂ ਹਨ।



ਸੈਣੀ ਭਾਈਚਾਰੇ ਨਾਲ ਸਬੰਧਿਤ ਲੋਕਾਂ ਵਿੱਚ ਬੜੀਆਂ ਖ਼ੂਬੀਆਂ ਹਨ। ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਇਸ ਭਾਈਚਾਰੇ ਦੇ ਲੋਕ ਧਰਮ ਨਿਰਪੱਖ ਹੋਣ ਦੇ ਨਾਲ ਨਾਲ ਜਾਤਪਾਤ ਦੀਆਂ ਵਲਗਣਾਂ ਵਿਚੋਂ ਵੀ ਬਾਹਰ ਨਿਕਲੇ ਹੋਏ ਹਨ ਜਿਸਦੀ ਮਿਸਾਲ ਸੈਣੀ ਭਾਈਚਾਰੇ ਦੀਆਂ ਰਿਸ਼ਤੇਦਾਰੀਆਂ ਵਿੱਚੋਂ ਆਮ ਹੀ ਮਿਲ ਜਾਂਦੀ ਹੈ। ਕਿਸੇ ਦੇ ਕੇਸ ਕੱਟੇ ਹੋਏ ਹਨ ਅਤੇ ਕੋਈ ਪੂਰਨ ਗੁਰਸਿੱਖ ਹੈ। ਕਿਸੇ ਦਾ ਪੁੱਤ ਸੁਨਿਆਰਿਆਂ ਦੇ ਘਰ ਵਿਆਹਿਆ ਹੋਇਆ ਹੈ ਅਤੇ ਕਿਸੇ ਦੀ ਧੀ ਖੱਤਰੀ ਜਾਂ ਬ੍ਰਾਹਮਣ ਪਰਿਵਾਰ ਵਿੱਚ ਵਿਆਹੀ ਹੋਈ ਹੈ।
ਪਰ ਸੈਣੀ ਭਾਈਚਾਰੇ ਦੇ ਲੋਕਾਂ ਵਿੱਚ ਇੱਕ ਵਿਸ਼ੇਸ਼ਤਾ ਹੋਰ ਹੈ ਕਿ ਇਹ ਕਿਸੇ ਦਾ ਹੱਕ ਨਹੀਂ ਖਾਂਦੇ ਅਤੇ ਹੀ ਕਿਸੇ ਨੂੰ ਆਪਣਾ ਹੱਕ ਖਾਣ ਦਿੰਦੇ ਹਨ।
ਪੁਰਾਣੇ ਸਮਿਆਂ ਦੀ ਇੱਕ ਗੱਲ ਬੜੀ ਮਸ਼ਹੂਰ ਹੈ ਕਿ ਕਿਸੇ ਸੈਣੀ ਪਰਿਵਾਰ ਦੇ ਬੱਚੇ ਦੇ ਹੱਥ ਵਿੱਚੋਂ ਕੋਈ ਕਾਂ ਅਕਸਰ ਹੀ ਬੁਰਕੀ ਖੋਹ ਕੇ ਲੈ ਜਾਂਦਾ ਸੀ। ਬੱਚੇ ਨੇ ਜੇਕਰ ਬੁਰਕੀ ਬਚਾਉਣ ਲਈ ਮੂੰਹ ਵਿੱਚ ਪਾ ਲੈਣੀ ਤਾਂ ਕਾਂ ਨੇ ਉਸਦੇ ਮੂੰਹ ਵਿੱਚੋਂ ਵੀ ਬੁਰਕੀ ਖੋਹ ਕੇ ਲੈ ਜਾਣੀ। ਬੱਚਾ ਵਿਚਾਰਾ ਰੋਂਦਾ ਕੁਰਲਾਉਂਦਾ ਰਹਿੰਦਾ ਜਿਸਨੂੰ ਵੇਖ ਕੇ ਉਸਦੇ ਪਿਓ ਨੂੰ ਬੜਾ ਦੁੱਖ ਹੁੰਦਾ ਅਤੇ ਕਾਂ 'ਤੇ ਗੁੱਸਾ ਵੀ ਬਹੁਤ ਆਉਂਦਾ।
ਇੱਕ ਦਿਨ ਉਸ ਬੱਚੇ ਦਾ ਪਿਓ ਸਵੇਰੇ ਸਵੇਰੇ ਮੂੰਹ ਵਿੱਚ ਬੁਰਕੀ ਪਾ ਕੇ ਅਤੇ ਆਪਣਾਂ ਮੂੰਹ ਖੋਲ੍ਹ ਕੇ ਮੰਜੇ 'ਤੇ ਲੰਮਾਂ ਪੈ ਗਿਆ। ਕਾਂ ਆਇਆ ਤੇ ਉਸਨੇ ਸੈਣੀ ਦੇ ਮੂੰਹ ਵਿੱਚੋਂ ਬੁਰਕੀ ਕੱਢਣ ਲਈ ਜਿਉਂ ਹੀ ਆਪਣੀ ਚੁੰਝ ਨੂੰ ਸਿਰ ਸਣੇ ਸੈਣੀ ਦੇ ਮੂੰਹ ਵਿੱਚ ਪਾਇਆ ਤਾਂ ਸੈਣੀ ਨੇ ਘੁੱਟ ਕੇ ਆਪਣਾ ਮੂੰਹ ਬੰਦ ਕਰ ਲਿਆ । ਕਾਂ ਕੁਝ ਚਿਰ ਤਾਂ ਜ਼ੋਰ ਅਜ਼ਮਾਈ ਕਰਦਾ ਰਿਹਾ ਪਰ ਆਖਰ ਹਾਰ ਕੇ ਉਸਨੂੰ ਪੁੱਛਿਆ ' ਤੂੰ ਕੌਣ ਏਂ?'
ਬੱਚੇ ਦੇ ਪਿਓ ਨੇ ਘੁੱਟ ਕੇ ਮੀਚੇ ਮੂੰਹ ਨਾਲ ਹੀ ਆਖਿਆ ਕਿ ' ਮੈਂ ਸੈਣੀ।'
ਕਾਂ ਨੇ ਉਸਨੂੰ ਆਖਿਆ ਕਿ 'ਜੇ ਤੂੰ ਸੈਣੀ ਤਾਂ ਫਿਰ ਮੈਂ ਹੈ ਨੀਂ '
ਸਾਹ ਘੁੱਟਣ ਕਰਕੇ ਕਾਂ ਮਰ ਗਿਆ ਤੇ ਸੈਣੀ ਨੇ ਉਸਨੂੰ ਘਰ ਦੇ ਬਾਹਰ ਟੰਗ ਦਿੱਤਾ।
ਆਖਦੇ ਨੇ ਕਿ ਉਸਤੋਂ ਬਾਅਦ ਕਦੇ ਵੀ ਕਿਸੇ ਕਾਂ ਨੇ ਕਿਸੇ ਸੈਣੀ ਦੇ ਪੁੱਤ ਕੋਲੋਂ ਬੁਰਕੀ ਖੋਹਣ ਦੀ ਜੁਰਅਤ ਨਹੀਂ ਕੀਤੀ। See less




## ਗੁਰੀ ਧਾਲੀਵਾਲ ਅਤੇ ਕਮਲ਼ ਸ਼ੇਰਗਿੱਲ ਦਾ ਗਾਇਆ ਤੇ ਛੱਤਾ ਮਾਣੂੰਕੇ ਗਿੱਲ ਦਾ ਲਿਖਿਆ ਗੀਤ ਹੋਵੇਗਾ ਜਲਦੀ ਰਲੀਜ :ਜਸਵੀਰ ਸ਼ਰਮਾ ਦੱਦਾਹੂਰ




ਜਸਵੀਰ ਸ਼ਰਮਾਂ ਦੱਦਾਹੂਰ
ਸ੍ਰੀ ਮੁਕਤਸਰ ਸਾਹਿਬ

ਪੰਜਾਬੀ ਸੰਗੀਤਕ ਖ਼ੇਤਰ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਉਣ ਵਾਲ਼ਾ ਪ੍ਰਸਿੱਧ ਗੀਤਕਾਰ ਛੱਤਾ ਮਾਣੂੰਕੇ ਗਿੱਲ ਵਾਲ਼ੇ ਦਾ ਲਿਖਿਆ ਨਵਾਂ ਦੋਗਾਣਾ 'ਗੱਭਰੂ ਸ਼ੌਕੀਨ' ਸ੍ਰੋਤਿਆਂ ਦੀ ਝੋਲ਼ੀ ਵਿੱਚ ਜਲਦ ਪਾ ਰਹੇ ਹਾਂ। ਇਸ ਦੋਗਾਣੇ ਬਾਰੇ ਗੱਲਬਾਤ ਕਰਦਿਆਂ ਚਮਕੌਰ ਥਾਂਦੇਵਾਲਾ ਜੀ ਨੇ ਦੱਸਿਆ ਕਿ ਪ੍ਰਸਿੱਧ ਗੀਤਕਾਰ ਛੱਤਾ ਮਾਣੂੰਕੇ ਗਿੱਲ ਵਾਲ਼ਾ ਦਾ ਲਿਖਿਆ ਨਵਾਂ ਦੋਗਾਣਾ ਗੱਭਰੂ ਸ਼ੌਕੀਨ Kaura Sidhu Music ਅਤੇ ਰੂਪਾ ਰੰਡਿਆਲੇ ਵਾਲ਼ਾ ਦੀ ਪੇਸ਼ਕਾਰੀ ਹੇਠ ਜਲਦ ਰਲੀਜ਼ ਕਰ ਰਹੇ ਹਾਂ। ਇਸ ਦੋਗਾਣੇ ਨੂੰ ਆਪਣੇ ਮਿੱਠੇ ਬੋਲਾਂ ਨਾਲ਼ ਸ਼ਿਗਾਰਿਆ ਹੈ ਬਹੁਤ ਹੀ ਪਿਆਰੀ ਜੋੜੀ ਗੁਰੀ ਧਾਲ਼ੀਵਾਲ ਅਤੇ ਕਮਲ਼ ਸ਼ੇਰਗਿੱਲ ਨੇ। ਇਸ ਦੋਗਾਣੇ ਨੂੰ ਸਿਰੇ ਚੜ੍ਹਾਉਣ ਵਿੱਚ ਰੂਪਾ ਰੰਡਿਆਲੇ ਵਾਲ਼ੇ ਦਾ ਖ਼ਾਸ ਸਹਿਯੋਗ ਰਿਹਾ ਹੈ।ਅੱਗੇ ਗੱਲ ਕਰਦਿਆਂ ਚਮਕੌਰ ਥਾਂਦੇਵਾਲਾ ਨੇ ਦੱਸਿਆ ਕਿ ਇਹ ਗੀਤ ਜਿਥੇ ਸਰੋਤਿਆਂ ਦੀ ਪਹਿਲੀ ਪਸੰਦ ਬਣੇਗਾ ਓਥੇ ਇਸ ਜੋੜੀ ਦੀ ਨਿਵੇਕਲੀ ਪਹਿਚਾਣ ਬਣਾਉਣ ਲਈ ਵੀ ਸਹਾਈ ਹੋਵੇਗਾ।

## ਦਾਗੀਆਂ ਨੂੰ ਸਿਆਸੀ ਬੁੱਕਲ 'ਚ ਬਿਠਾਉਣ ਵਾਲੀਆਂ ਧਿਰਾਂ ਨੂੰ ਪੰਜਾਬ ਕਦੇ ਮੁਆਫ਼ ਨਹੀਂ ਕਰੇਗਾ - ਬ੍ਰਹਮਪੁਰਾ



ਦਾਗੀਆਂ ਨੂੰ ਸਿਆਸੀ ਬੁੱਕਲ 'ਚ ਬਿਠਾਉਣ ਵਾਲੀਆਂ ਧਿਰਾਂ ਨੂੰ ਪੰਜਾਬ ਕਦੇ ਮੁਆਫ਼ ਨਹੀਂ ਕਰੇਗਾ - ਬ੍ਰਹਮਪੁਰਾ |

ਸਿਆਸਤ ਵਿੱਚ ਜਦੋਂ ਅਸੂਲਾਂ ਦੀ ਜਗ੍ਹਾ ਮੌਕਾਪ੍ਰਸਤੀ ਲੈ ਲਵੇ, ਤਾਂ ਕੌਮਾਂ ਅਤੇ ਸੂਬਿਆਂ ਦਾ ਵੱਡਾ ਨੁਕਸਾਨ ਹੁੰਦਾ ਹੈ। ਪੰਜਾਬ ਦੀ ਜਵਾਨੀ ਨੂੰ ਬਰਬਾਦ ਕਰਨ ਵਾਲੇ ਮਾੜੇ ਅਨਸਰਾਂ ਅਤੇ ਦਾਗੀਆਂ ਨੂੰ ਸਿਆਸੀ ਬੁੱਕਲ ਵਿੱਚ ਬਿਠਾਉਣ ਦਾ ਜੋ ਰੁਝਾਨ ਪਿਛਲੀਆਂ ਅਤੇ ਮੌਜੂਦਾ ਸੱਤਾਧਾਰੀ ਧਿਰਾਂ ਨੇ ਪੈਦਾ ਕੀਤਾ ਹੈ, ਪੰਜਾਬ ਦੇ ਲੋਕ ਉਸਨੂੰ ਕਦੇ ਵੀ ਮੁਆਫ਼ ਨਹੀਂ ਕਰਨਗੇ। ਇਹਨਾਂ ਡੂੰਘੇ ਅਤੇ ਸਿਧਾਂਤਕ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਪਿੰਡ ਡਾਲੇਕੇ ਵਿਖੇ ਸਰਪੰਚ ਨਿਸ਼ਾਨਬੀਰ ਸਿੰਘ ਦੇ ਗ੍ਰਹਿ ਵਿਖੇ ਪਾਰਟੀ ਵਰਕਰਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ।ਬਿਨਾਂ ਕਿਸੇ ਦਾ ਸਿੱਧਾ ਨਾਂ ਲਿਆਂ ਸਿਆਸੀ ਵਿਰੋਧੀਆਂ ਅਤੇ ਸਿਸਟਮ ਅੰਦਰਲੇ ਮੌਕਾਪ੍ਰਸਤਾਂ 'ਤੇ ਵੱਡਾ ਤਨਜ਼ ਕੱਸਦਿਆਂ ਸ੍ਰ. ਬ੍ਰਹਮਪੁਰਾ ਨੇ ਕਿਹਾ, "ਕੁੱਝ ਧਿਰਾਂ ਨੂੰ ਲੱਗਦਾ ਹੈ ਕਿ ਸਿਆਸੀ ਸਮਝੌਤਿਆਂ ਦੀ ਆੜ ਵਿੱਚ ਦਾਗੀਆਂ ਦੇ ਪਾਪ ਧੋਤੇ ਜਾਣਗੇ, ਪਰ ਲੋਕਾਂ ਦੀ ਕਚਹਿਰੀ ਅਤੇ ਕੁਦਰਤ ਦੇ ਇਨਸਾਫ਼ ਤੋਂ ਕੋਈ ਨਹੀਂ ਬਚ ਸਕਦਾ। ਇੱਕ ਸੱਚੇ ਅਕਾਲੀ ਅਤੇ ਪੰਥਕ ਸਿਪਾਹੀ ਹੋਣ ਦੇ ਨਾਤੇ ਸਾਡੀ ਵਫ਼ਾਦਾਰੀ ਹਮੇਸ਼ਾ ਹੱਕ, ਸੱਚ ਅਤੇ ਪਾਰਟੀ ਦੇ ਉਨ੍ਹਾਂ ਸਿਧਾਂਤਾਂ ਨਾਲ ਹੈ, ਜਿਨ੍ਹਾਂ ਦੀ ਨੀਂਹ ਸ਼ਹੀਦਾਂ ਨੇ ਰੱਖੀ ਸੀ। ਅਸੀਂ ਸਾਫ਼-ਸੁਥਰੇ ਵਰਕਰਾਂ ਦੇ ਸਿਰ 'ਤੇ ਪਾਰਟੀ ਦੀ ਚੜ੍ਹਦੀਕਲਾ ਚਾਹੁੰਦੇ ਹਾਂ, ਦਾਗੀ ਚਿਹਰਿਆਂ ਦੇ ਸਹਾਰੇ ਨਹੀਂ।"ਪੰਜਾਬ ਦੇ ਸਭ ਤੋਂ ਸੰਵੇਦਨਸ਼ੀਲ ਮੁੱਦੇ 'ਤੇ ਗੱਲ ਕਰਦਿਆਂ ਸ੍ਰ. ਬ੍ਰਹਮਪੁਰਾ ਨੇ ਮੌਜੂਦਾ ਸੂਬਾ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਇੱਕ ਸੰਤੁਲਿਤ ਅਤੇ ਪੰਥਕ ਪ੍ਰਤੀਕਰਮ ਦਿੱਤਾ। ਉਨ੍ਹਾਂ ਕਿਹਾ ਕਿ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦਾ ਸੰਤਾਪ ਪੂਰੇ ਪੰਥ ਨੇ ਆਪਣੇ ਪਿੰਡੇ 'ਤੇ ਹੰਢਾਇਆ ਹੈ। ਮੌਜੂਦਾ ਹਕੂਮਤ ਵੱਲੋਂ ਬੇਅਦਬੀ ਦੀਆਂ ਘਟਨਾਵਾਂ ਨੂੰ ਨੱਥ ਪਾਉਣ ਲਈ ਜੋ ਨਵਾਂ ਕਾਨੂੰਨ ਲਿਆਉਣ ਦੀ ਪਹਿਲਕਦਮੀ ਕੀਤੀ ਗਈ ਹੈ, ਉਹ ਪੰਥਕ ਭਾਵਨਾਵਾਂ ਦੀ ਤਰਜਮਾਨੀ ਕਰਦੀ ਹੈ। ਪਰ ਇਸ ਕਾਨੂੰਨ ਨੂੰ ਸਿਰਫ਼ ਕਾਗਜ਼ਾਂ ਤੱਕ ਸੀਮਤ ਰੱਖਣ ਦੀ ਬਜਾਏ ਹੋਰ ਮਜ਼ਬੂਤ, ਸਖ਼ਤ ਅਤੇ ਕਾਰਗਰ ਬਣਾਉਣ ਦੀ ਲੋੜ ਹੈ, ਤਾਂ ਜੋ ਕੋਈ ਵੀ ਦੋਖੀ ਕਾਨੂੰਨ ਦੀਆਂ ਚੋਰ ਮੋਰੀਆਂ ਰਾਹੀਂ ਬਚ ਨਾ ਸਕੇ। ਇਸ ਮੌਕੇ ਪਿੰਡ ਡਾਲੇਕੇ ਦੀ ਸਮੁੱਚੀ ਲੀਡਰਸ਼ਿਪ ਨੇ ਸ੍ਰ. ਬ੍ਰਹਮਪੁਰਾ ਦੀ ਇਸ ਸਿਧਾਂਤਕ ਅਤੇ ਬੇਬਾਕ ਸੋਚ ਦਾ ਪੂਰਨ ਸਮਰਥਨ ਕਰਦਿਆਂ ਪਾਰਟੀ ਨਾਲ ਚੱਟਾਨ ਵਾਂਗ ਖੜ੍ਹਨ ਦਾ ਅਹਿਦ ਲਿਆ। ਇਕੱਠ ਨੂੰ ਸੰਬੋਧਨ ਕਰਦਿਆਂ ਸਾਬਕਾ ਚੇਅਰਮੈਨ ਗੁਰਸੇਵਕ ਸਿੰਘ ਸ਼ੇਖ ਨੇ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹਦੀਕਲਾ ਅਤੇ ਪਾਰਟੀ ਦੀ ਮਜ਼ਬੂਤੀ ਲਈ ਸਮੁੱਚੀ ਟਕਸਾਲੀ ਲੀਡਰਸ਼ਿਪ ਪੂਰੀ ਤਰ੍ਹਾਂ ਇੱਕਮੁੱਠ ਹੈ ਅਤੇ ਅਸੀਂ ਕਿਸੇ ਵੀ ਕੀਮਤ 'ਤੇ ਪਾਰਟੀ ਦੇ ਸਿਧਾਂਤਾਂ ਨੂੰ ਆਂਚ ਨਹੀਂ ਆਉਣ ਦੇਵਾਂਗੇ। ਇਸ ਮੀਟਿੰਗ ਵਿੱਚ ਪ੍ਰਧਾਨ ਪਰਗਟ ਸਿੰਘ, ਮਨਜਿੰਦਰ ਸਿੰਘ, ਸਰਜੋਤ ਜੋਤਾ ਸਿੰਘ, ਮਾਸਟਰ ਮੰਗਲ ਸਿੰਘ, ਜਗਰੂਪ ਸਿੰਘ ਅਤੇ ਡਾਕਟਰ ਮਨਜਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪਤਵੰਤੇ ਸੱਜਣ ਹਾਜ਼ਰ ਸਨ।






## ਸਬ ਸੈਂਟਰ ਮਰਹਾਣਾ ਵਿਖੇ ਡੇਂਗੂ ਸਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ



ਡੇਂਗੂ ਤੋਂ ਬਚਾਅ ਲਈ ਆਪਣਾ ਆਲਾ—ਦੁਆਲਾ ਸਾਫ ਸੁਥਰਾ ਰੱਖੋ : ਡਾਕਟਰ ਗਿੱਲ |

ਚੋਹਲਾ ਸਾਹਿਬ 18 ਮਈ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)

ਸਿਵਲ ਸਰਜਨ ਤਰਨ ਤਾਰਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਅਤੇ ਜਿਲ੍ਹਾ ਮਲੇਰੀਆ ਅਫਸਰ ਡਾਕਟਰ ਰਾਘਵ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾਕਟਰ ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀ ਐਚ ਸੀ ਸਰਹਾਲੀ ਦੀ ਯੋਗ ਅਗਵਾਈ ਹੇਠ ਸਬ ਸੈਂਟਰ ਮਰਹਾਣਾ ਵਿਖੇ ਡੇਂਗੂ ਜਾਗਰੂਕਤਾ ਸਬੰਧੀ ਕੈਂਪ ਲਗਾਇਆ ਗਿਆ ਹੈ। ਇਸ ਸਮੇਂ ਜਾਣਕਾਰੀ ਦਿੰਦੇ ਹੋਏ ਸੀਨੀਅਰ ਮੈਡੀਕਲ ਅਫਸਰ ਡਾਕਟਰ ਜਤਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਸਾਨੂੰ ਆਪਣੇ ਕੋਠੇ ਤੇ ਪਏ ਟੁੱਟੇ ਗਮਲਿਆਂ ਅਤੇ ਟਾਇਰਾਂ ਵਿੱਚ ਪਾਣੀ ਇੱਕਠਾ ਨਹੀਂ ਹੋਣ ਦੇਣਾ ਚਾਹੀਦਾ ਅਤੇ ਕੂਲਰਾਂ ਦੀ ਹਫਤੇ ਵਿੱਚ ਇੱਕ ਵਾਰ ਸਫਾਈ ਕਰਨੀ ਚਾਹੀਦੀ ਹੈ ਤਾਂ ਜ਼ੋ ਡੇਂਗੂ ਵਰਗੀ ਬਿਮਾਰੀ ਨਾ ਫੈਲ ਸਕੇ।ਇਸ ਸਮੇਂ ਪ੍ਰਧਾਨ ਜਸਪਿੰਦਰ ਸਿੰਘ ਅਤੇ ਰਾਜੀਵ ਕੁਮਾਰ ਹੈਲਥ ਵਰਕਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਨੂੰ ਰਾਤ ਸੌਣ ਸਮੇਂ ਪੂਰਾ ਤਨ ਢੱਕਣ ਵਾਲੇ ਕਪੜੇ ਪਾਉਣੇ ਚਾਹੀਦੇ ਹਨ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਅਤੇ ਤੇਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਤਾਂ ਜ਼ੋ ਡੇਂਗੂ ਤੋਂ ਬਚਾਅ ਹੋ ਸਕੇ।ਉਹਨਾਂ ਕਿਹਾ ਕਿ ਜੇਕਰ ਤੁਹਾਨੂੰ ਤੇਜ਼ ਸਿਰ ਦਰਦ ਜਾਂ ਤੇਜ਼ ਬੁਖਾਰ ਹੈ ਤਾਂ ਤੁਰੰਤ ਨਜਦੀਕੀ ਸਿਹਤ ਕੇਂਦਰ ਵਿੱਚ ਜਾਕੇ ਆਪਣੀ ਤੁਰੰਤ ਜਾਂਚ ਕਰਵਾਓ ਤਾਂ ਜ਼ੋ ਸਮੇਂ ਸਿਰ ਇਲਾਜ ਕੀਤਾ ਜਾ ਸਕੇ।ਇਸ ਸਮੇਂ ਸਮੂਹ ਸਟਾਫ ਅਤੇ ਆਸ਼ਾ ਵਰਕਰਜ਼ ਆਦਿ ਹਾਜਰ ਸਨ।

## ਸੋਲਾਂ ਮਈ ਦਾ ਦਿਨ ਰਿਹਾ ਸਾਹਿਤਕ ਸਾਥੀਆਂ ਦੇ ਨਾਮ ਬਹੁਤ ਸਾਰੇ ਸਾਹਿਤਕਾਰ ਸਾਥੀਆਂ ਨਾਲ ਕੀਤੀ ਮੁਲਾਕਾਤ :ਜਸਵੀਰ ਸ਼ਰਮਾ ਦੱਦਾਹੂਰ






ਸ਼੍ਰੀ ਮੁਕਤਸਰ ਸਾਹਿਬ (ਜਸਵੀਰ ਸ਼ਰਮਾਂ ਦੱਦਾਹੂਰ ) |

ਸ਼੍ਰੀ ਮੁਕਤਸਰ ਸਾਹਿਬ ( ) ਪਿਛਲੇ ਲੰਬੇ ਸਮੇਂ ਤੋਂ ਬੀਮਾਰ ਮਹਾਨ ਗੀਤਕਾਰ ਗੁਰਾਂਦਿੱਤਾ ਸਿੰਘ ਸੰਧੂ ਸੁੱਖਣਵਾਲਾ(ਪੈਸਾ ਜਿਵੇਂ ਨਚਾਈ ਜਾਂਦਾ ਦੁਨੀਆਂ ਨੱਚੀ ਜਾਂਦੀ ਹੈ ਦੇ ਮਹਾਨ ਲੇਖਕ) ਦਾ ਹਾਲ ਜਾਨਣ ਲਈ ਓਨਾਂ ਦੇ ਗ੍ਰਹਿ ਫਰੀਦਕੋਟ ਵਿਖੇ ਉਚੇਚੇ ਤੌਰ ਤੇ ਕੱਲ ਦਾਸ ਜਸਵੀਰ ਸ਼ਰਮਾ ਦੱਦਾਹੂਰ ਕੁਲਵੰਤ ਸਰੋਤਾ ਜੀ ਨੂੰ ਲੈ ਕੇ ਗੁਰਮੀਤ ਸਿੰਘ ਰਿਟਾਇਰਡ ਕਾਨੂੰਗੋ ਸਾਹਿਬ ਮਿੰਨੀ ਕਹਾਣੀ ਲੇਖਕ ਪਹੁੰਚੇ ਜੋ ਪਹਿਲਾਂ ਕਾਫ਼ੀ ਦਿਨ ਹਸਪਤਾਲ ਵਿਖੇ ਦਾਖਲ ਸਨ । ਹੁਣ ਉਨ੍ਹਾਂ ਦੀ ਸਿਹਤ ਵਿੱਚ ਪਹਿਲਾਂ ਨਾਲੋਂ ਕਾਫੀ ਸੁਧਾਰ ਹੈ। ਉਸ ਤੋਂ ਬਾਅਦ ਮਿੰਨੀ ਕਹਾਣੀ ਲੇਖਕ ਬਿਕਰਮਜੀਤ ਸਿੰਘ ਨੂਰ ਜੀ ਦੇ ਗ੍ਰਹਿ ਵਿਖੇ ਓਨਾਂ ਨਾਲ ਸਾਹਿਤਕ ਮਿਲਣੀ ਕੀਤੀ। ਦੋਸਤੋ ਕੁਲਵੰਤ ਸਰੋਤਾ ਜੀ ਅਤੇ ਨੂਰ ਸਾਹਿਬ ਹੁਣੇ-ਹੁਣੇ ਕਨੇਡਾ ਦੇ ਟੂਰ ਤੋਂ ਵਾਪਸ ਆਏ ਹਨ। ਉਸ ਤੋਂ ਬਾਅਦ ਪ੍ਰਸਿੱਧ ਕਵੀ ਦਿਆਲ ਸਿੰਘ ਸਾਕੀ ਉਮਰ ਕਰੀਬ ਅੱਸੀ ਸਾਲ ਸੰਖੇਪ ਬੀਮਾਰੀ ਬਾਅਦ ਜੋ ਕੁੱਝ ਦਿਨ ਪਹਿਲਾਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ ਓਨਾਂ ਦੇ ਪਰਿਵਾਰ ਨਾਲ ਘਰ ਪਹੁੰਚ ਕੇ ਦੁੱਖ ਸਾਂਝਾ ਕੀਤਾ। ਇਸੇ ਫਰੀਦਕੋਟ ਸ਼ਹਿਰ ਦੇ ਮਹਾਨ ਲੇਖਕ ਇਕਬਾਲ ਸਿੰਘ ਘਾਰੂ ਜੀ ਜੋ ਬਾਥਰੂਮ ਵਿੱਚ ਡਿੱਗਣ ਕਾਰਨ ਤਕਲੀਫ ਵਿੱਚ ਸਨ ਓਨਾਂ ਦਾ ਹਾਲ ਚਾਲ ਵੀ ਓਨਾ ਦੇ ਗ੍ਰਹਿ ਵਿਖੇ ਪਹੁੰਚ ਕੇ ਪੁੱਛਿਆ ਇਸ ਸਾਰੀਆਂ ਹੀ ਮਿਲਣੀਆਂ ਦੌਰਾਨ ਪ੍ਰਸਿੱਧ ਲੇਖਕ ਤੇ ਪੱਤਰਕਾਰ ਧਰਮ ਪਰਵਾਨਾ ਜੀ ਵੀ ਸਾਰੇ ਸਾਥੀਆਂ ਦੇ ਨਾਲ ਰਹੇ। ਸੋ ਦੋਸਤੋ ਸੋਲਾਂ ਮਈ ਦਾ ਸਮੁੱਚਾ ਦਿਨ ਉਪਰੋਕਤ ਸਾਥੀਆਂ ਨਾਲ ਸਾਹਿਤ ਪ੍ਰੀ ਅਤੇ ਪਰਿਵਾਰਕ ਗੱਲਾਂ ਬਾਤਾਂ ਕਰਕੇ ਬੀਤਿਆ। ਸਾਰੇ ਹੀ ਦੋਸਤਾਂ ਨੇ ਆਪੋ ਆਪਣੇ ਜ਼ਿੰਦਗੀ ਦੇ ਤਜਰਬੇ ਸਾਂਝੇ ਕੀਤੇ ਤੇ ਸਾਕੀ ਸਾਹਿਬ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

### ਬੇਅਦਬੀ ਐਕਟ ਸਬੰਧੀ ਪੰਥਕ ਇਤਰਾਜ਼ਾਂ ਤੋਂ ਸੰਗਤਾਂ ਨੂੰ ਜਾਣੂ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸਾਹਿਬਾਨ ਦੇ ਬਾਹਰ ਲਗਾਏ ਗਏ ਫਲੈਕਸ ਬੋਰਡ



ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ 'ਦ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ (2026)' ਵਿੱਚ ਮੌਜੂਦ ਖਾਮੀਆਂ ਅਤੇ ਪੰਥਕ ਇਤਰਾਜ਼ਾਂ ਬਾਰੇ ਸੰਗਤ ਨੂੰ ਜਾਣੂ ਕਰਵਾਉਣ ਲਈ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਬਾਹਰ ਜਾਣਕਾਰੀ ਭਰਪੂਰ ਫਲੈਕਸ ਬੋਰਡ ਲਗਾਏ ਗਏ ਹਨ। ਇਨ੍ਹਾਂ ਬੋਰਡਾਂ ਵਿੱਚ ਸਰਕਾਰ ਵੱਲੋਂ ਬਣਾਏ ਐਕਟ ਵਿੱਚ ਕਸਟੋਡੀਅਨ ਸ਼ਬਦ ਜ਼ਰੀਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਕ ਧਿਰ, ਗ੍ਰੰਥੀ ਤੇ ਅਖੰਡਪਾਠੀ ਸਿੰਘਾਂ, ਗੁਰਦੁਆਰਾ ਕਮੇਟੀਆਂ ਤੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ ਵਾਲੇ ਸ਼ਰਧਾਲੂਆਂ ਨੂੰ ਬੇਅਦਬੀ ਜਾਂ ਮਰਿਯਾਦਾ ਦੀ ਉਲੰਘਣਾ ਦੇ ਮਾਮਲਿਆਂ ਵਿਚ ਜਿੰਮੇਵਾਰ ਬਣਾ ਕੇ ਸਜ਼ਾ ਤੇ ਜੁਰਮਾਨਿਆਂ ਦੇ ਘੇਰੇ ਵਿੱਚ ਲਿਆਉਣ, ਮਰਿਆਦਾ ਦੀ ਉਲੰਘਣਾ ਨੂੰ ਕਨੂੰਨੀ ਉਲੰਘਣਾ ਵਜੋਂ ਦੋਸ਼ ਦੇ ਘੇਰੇ ਵਿੱਚ ਲਿਆ ਕੇ ਸੰਗਤਾਂ ਅੰਦਰ ਡਰ ਪੈਦਾ ਕਰਨ, ਪੁਲਿਸ ਵੱਲੋਂ ਗੁਰਦੁਆਰਾ ਸਾਹਿਬਾਨ ਅੰਦਰ ਸਿੱਧਾ ਦਖ਼ਲ ਦੇਣ ਲਈ ਰਾਹ ਬਨਾਉਣ, ਪੰਥਕ ਸ਼ਬਦਾਵਲੀ ਨੂੰ ਬਦਲਣ ਅਤੇ ਸੇਵਾ ਸੰਭਾਲ ਨਾਲ ਜੁੜੀ ਸ਼ਬਦਾਵਲੀ ਤੇ ਅਸਥਾਨਾਂ ਨੂੰ ਸਿੱਖ ਭਾਵਨਾਵਾਂ ਅਨੁਸਾਰ ਪ੍ਰਭਾਸ਼ਿਤ ਨਾ ਕਰਨ ਸਬੰਧੀ ਜਾਣਕਾਰੀ ਸਾਮਲ ਕੀਤੀ ਗਈ ਹੈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਇਹ ਕੌਮ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਬੇਹੱਦ ਸੰਜੀਦਾ ਮਾਮਲਾ ਹੈ। ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ ਐਕਟ ਬਾਰੇ ਸਿੱਖ ਵਿਦਵਾਨਾਂ ਅਤੇ ਬੁੱਧੀਜੀਵੀਆਂ ਵੱਲੋਂ ਗੰਭੀਰ ਇਤਰਾਜ ਪ੍ਰਗਟ ਕੀਤੇ ਗਏ ਹਨ। ਇਨ੍ਹਾਂ ਗੰਭੀਰ ਇਤਰਾਜ਼ਾਂ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ ਜਾਣਾ ਬੇਹੱਦ ਜ਼ਰੂਰੀ ਹੈ। ਇਸੇ ਦੇ ਮੱਦੇਨਜ਼ਰ ਇਹ ਬੋਰਡ ਲਗਾਏ ਗਏ ਹਨ। ਉਨ੍ਹਾਂਕਿਹਾ ਕਿ ਕਿਹਾ ਕਿ ਸਿੱਖ ਕੌਮ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ ਬਹੁਤ ਹੀ ਸੰਵੇਦਨਸ਼ੀਲ ਹਨ ਅਤੇ ਇਸ ਸਬੰਧੀ ਬਣਾਇਆ ਜਾਣ ਵਾਲਾ ਕੋਈ ਵੀ ਕਾਨੂੰਨ ਪੰਥਕ ਭਾਵਨਾਵਾਂ, ਗੁਰਮਤਿ ਸਿਧਾਂਤਾਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਹਿਨੁਮਾਈ ਅਨੁਸਾਰ ਹੋਣਾ ਲਾਜ਼ਮੀ ਹੈ।ਉਨ੍ਹਾਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਸਬੰਧੀ ਜਾਗਰੂਕ ਰਹਿਣ ਅਤੇ ਪੰਥਕ ਏਕਤਾ ਤੇ ਸਿਧਾਂਤਾਂ ਦੀ ਰੱਖਿਆ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਇਕਜੁੱਟ ਹੋਣ।ਉਨ੍ਹਾਂ ਕਿਹਾ ਕਿ ਕਿਹਾ ਕਿ ਸਿੱਖ ਕੌਮ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ ਬਹੁਤ ਹੀ ਸੰਵੇਦਨਸ਼ੀਲ ਹਨ ਅਤੇ ਇਸ ਸਬੰਧੀ ਬਣਾਇਆ ਜਾਣ ਵਾਲਾ ਕੋਈ ਵੀ ਕਾਨੂੰਨ ਪੰਥਕ ਭਾਵਨਾਵਾਂ, ਗੁਰਮਤਿ ਸਿਧਾਂਤਾਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਹਿਨੁਮਾਈ ਅਨੁਸਾਰ ਹੋਣਾ ਲਾਜ਼ਮੀ ਹੈ।ਉਨ੍ਹਾਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਸਬੰਧੀ ਜਾਗਰੂਕ ਰਹਿਣ ਅਤੇ ਪੰਥਕ ਏਕਤਾ ਤੇ ਸਿਧਾਂਤਾਂ ਦੀ ਰੱਖਿਆ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਇਕਜੁੱਟ ਹੋਣ।

# ਹਿਮੋਫੀਲੀਆ ਦੀ ਮਰਜ਼ ਹੈ ਕੀ ? ਡਾ ਅਜੀਤਪਾਲ ਸਿੰਘ ਐਮ ਡੀ



ਇਹ ਇੱਕ ਅਜਿਹੀ ਖ਼ੂਨ ਦੀ ਬਿਮਾਰੀ ਹੈ ਜਿਸ ਵਿੱਚ ਖ਼ੂਨ ਵਿੱਚ ਲੋੜੀਂਦਾ ਕਲੋਟਿੰਗ ਫੈਕਟਰn (ਜਮਾਉਣ ਵਾਲਾ ਤੱਤ) ਨਹੀਂ ਹੁੰਦਾ, ਜਿਸ ਕਾਰਨ ਸੱਟ ਲੱਗਣ 'ਤੇ ਖ਼ੂਨ ਵਗਣਾ ਬੰਦ ਹੋਣ ਵਿੱਚ ਬਹੁਤ ਸਮਾਂ ਲੱਗਦਾ ਹੈ । ਇਹ ਬਿਮਾਰੀ ਮੁੱਖ ਤੌਰ 'ਤੇ ਮਰਦਾਂ ਨੂੰ ਪ੍ਰਭਾਵਿਤ ਕਰਦੀ ਹੈ ।

ਮੁੱਖ ਕਿਸਮਾਂ

· ਹੀਮੋਫੀਲੀਆ ਏ (Hemophilia A) : ਫੈਕਟਰ VIII (8) ਦੀ ਕਮੀ ਕਾਰਨ ਹੁੰਦਾ ਹੈ। ਲਗਭਗ 80% ਮਰੀਜ਼ ਇਸੇ ਕਿਸਮ ਦੇ ਹੁੰਦੇ ਹਨ ।

· ਹੀਮੋਫੀਲੀਆ ਬੀ (Hemophilia B) : ਫੈਕਟਰ IX (9) ਦੀ ਕਮੀ ਕਾਰਨ ਹੁੰਦਾ ਹੈ ।

ਗੰਭੀਰਤਾ (Severity)

ਬਿਮਾਰੀ ਦੀ ਗੰਭੀਰਤਾ ਖ਼ੂਨ ਵਿੱਚ ਫੈਕਟਰ ਦੀ ਮਾਤਰਾ 'ਤੇ ਨਿਰਭਰ ਕਰਦੀ ਹੈ :

· ਸਧਾਰਨ (Mild) : 5-40% ਫੈਕਟਰ ਐਕਟੀਵਿਟੀ। ਆਮ ਤੌਰ 'ਤੇ ਵੱਡੀ ਸਰਜਰੀ ਜਾਂ ਸੱਟ ਲੱਗਣ 'ਤੇ ਹੀ ਖ਼ੂਨ ਵਗਦਾ ਹੈ।

· ਦਰਮਿਆਨੀ (Moderate) : 1-5% ਫੈਕਟਰ ਐਕਟੀਵਿਟੀ। ਮਾਮੂਲੀ ਸੱਟ ਲੱਗਣ 'ਤੇ ਵੀ ਖ਼ੂਨ ਵਗ ਸਕਦਾ ਹੈ।

· ਗੰਭੀਰ (Severe) : 1% ਤੋਂ ਵੀ ਘੱਟ ਫੈਕਟਰ। ਅਕਸਰ ਬਿਨਾਂ ਕਿਸੇ ਸੱਟ ਦੇ ਆਪਣੇ ਆਪ (spontaneously) ਖ਼ੂਨ ਵਗਣ ਲੱਗ ਪੈਂਦਾ ਹੈ, ਖਾਸ ਕਰਕੇ ਜੋੜਾਂ ਅਤੇ ਮਾਸਪੇਸ਼ੀਆਂ ਵਿੱਚ ।

ਕਾਰਨ (Cause) ਅਤੇ ਵਿਰਾਸਤ

ਇਹ ਬਿਮਾਰੀ X-ਕ੍ਰੋਮੋਸੋਮ ਨਾਲ ਜੁੜੀ ਹੋਈ ਹੈ :

· ਪੁੱਤਰ : ਜੇ ਮਾਂ ਕੈਰੀਅਰ ਹੈ, ਤਾਂ ਪੁੱਤਰ ਨੂੰ ਬਿਮਾਰੀ ਹੋਣ ਦੀ 50% ਸੰਭਾਵਨਾ ਹੁੰਦੀ ਹੈ।

· ਧੀਆਂ : ਜੇ ਪਿਤਾ ਨੂੰ ਹੀਮੋਫੀਲੀਆ ਹੈ, ਤਾਂ ਧੀ ਲਾਜ਼ਮੀ ਕੈਰੀਅਰ ਬਣਦੀ ਹੈ (ਆਮ ਤੌਰ 'ਤੇ ਲੱਛਣ ਨਹੀਂ ਦਿਖਾਈ ਦਿੰਦੇ)।

· ਨਵਾਂ ਬਦਲਾਅ (Spontaneous Mutation) : ਲਗਭਗ 30% ਮਾਮਲਿਆਂ ਵਿੱਚ, ਬਿਮਾਰੀ ਦਾ ਪਰਿਵਾਰਕ ਇਤਿਹਾਸ ਨਹੀਂ ਹੁੰਦਾ ਅਤੇ ਇਹ ਜੀਨ ਵਿੱਚ ਨਵੇਂ ਬਦਲਾਅ ਕਾਰਨ ਹੁੰਦੀ ਹੈ ।

ਲੱਛਣ (Signs & Symptoms)

· ਜੋੜਾਂ ਵਿੱਚ ਦਰਦ ਅਤੇ ਸੋਜ (Hemarthrosis): ਗੋਡੇ, ਗਿੱਟੇ, ਕੂਹਣੀਆਂ ਵਿੱਚ ਖ਼ੂਨ ਭਰਨਾ ।

· ਮਾਸਪੇਸ਼ੀਆਂ ਵਿੱਚ ਖ਼ੂਨ ਜੰਮ੍ਹਾਂ ਹੋਣਾ (Hematomas)।

· ਮਾਮੂਲੀ ਕੱਟ-ਵੱਢ ਤੋਂ ਲੰਮਾ ਸਮਾਂ ਖ਼ੂਨ ਵਗਣਾ।

· ਸਿਰ ਵਿੱਚ ਸੱਟ ਲੱਗਣ 'ਤੇ ਗੰਭੀਰ ਖਤਰਾ (Intracranial bleeding) ।

· ਨਵਜਾਤ ਬੱਚਿਆਂ ਵਿੱਚ : ਜ਼ਿਆਦਾ ਡੇਰਾ ਚੱਲਣ ਵਾਲਾ (Prolonged) ਜਨਮ ਜਾਂ ਸੁੰਨਤ ਕਰਨ 'ਤੇ ਬਹੁਤ ਜ਼ਿਆਦਾ ਖ਼ੂਨ ਵਗਣਾ ।

ਇਲਾਜ (Treatment)

ਹੀਮੋਫੀਲੀਆ ਦਾ ਇਲਾਜ ਖ਼ੂਨ ਵਿੱਚ ਘੱਟ ਹੋਏ ਕਲੋਟਿੰਗ ਫੈਕਟਰ ਨੂੰ ਪੂਰਾ ਕਰਨ 'ਤੇ ਕੇਂਦਰਿਤ ਹੈ।

1. ਰਿਪਲੇਸਮੈਂਟ ਥੈਰੇਪੀ (Replacement Therapy)

ਇਹ ਇਲਾਜ ਦਾ ਮੁੱਖ ਆਧਾਰ ਹੈ। ਮਰੀਜ਼ ਨੂੰ ਸਿੱਧੇ ਨਾੜੀ (IV) ਰਾਹੀਂ ਫੈਕਟਰ VIII ਜਾਂ IX ਦਿੱਤਾ ਜਾਂਦਾ ਹੈ ।

· ਡਿਮਾਂਡ ਥੈਰੇਪੀ (On-demand) : ਖ਼ੂਨ ਵਗਣ 'ਤੇ ਇਲਾਜ ਕੀਤਾ ਜਾਂਦਾ ਹੈ।

· ਪ੍ਰੋਫਾਈਲੈਕਸਿਸ (Prophylaxis) : ਖ਼ੂਨ ਵਗਣ ਤੋਂ ਪਹਿਲਾਂ ਹੀ ਨਿਯਮਿਤ ਤੌਰ 'ਤੇ (ਹਫਤੇ ਵਿੱਚ 2-3 ਵਾਰ) ਫੈਕਟਰ ਦਿੱਤਾ ਜਾਂਦਾ ਹੈ ਤਾਂ ਜੋ ਖ਼ੂਨ ਵਗਣ ਤੋਂ ਰੋਕਿਆ ਜਾ ਸਕੇ। ਇਹ ਤਰੀਕਾ ਜੋੜਾਂ ਨੂੰ ਨੁਕਸਾਨ ਤੋਂ ਬਚਾਉਣ ਲਈ ਬਹੁਤ ਪ੍ਰਭਾਵਸ਼ਾਲੀ ਹੈ ।

2. ਗੈਰ-ਫੈਕਟਰ ਥੈਰੇਪੀ (Non-Factor Therapies / Newer Innovations)

ਹਾਲ ਹੀ ਦੇ ਸਾਲਾਂ ਵਿੱਚ ਨਵੇਂ ਇਲਾਜ ਆਏ ਹਨ ਜੋ ਫੈਕਟਰ ਦੇ ਬਿਨਾਂ ਵੀ ਖ਼ੂਨ ਨੂੰ ਜੰਮਣ ਵਿੱਚ ਮਦਦ ਕਰਦੇ ਹਨ:

· ਐਮੀਸੀਜ਼ੁਮੈਬ (Emicizumab) : ਇਹ ਚਮੜੀ ਹੇਠ ਲੱਗਣ ਵਾਲਾ ਇੰਜੈਕਸ਼ਨ ਹੈ। ਖਾਸ ਗੱਲ ਇਹ ਹੈ ਕਿ ਹੀਮੋਫੀਲੀਆ ਏ ਦੇ ਮਰੀਜ਼ ਇਸ ਨੂੰ ਹਫਤੇ ਵਿੱਚ ਇੱਕ ਵਾਰ ਜਾਂ ਮਹੀਨੇ ਵਿੱਚ ਇੱਕ ਵਾਰ ਲੈ ਸਕਦੇ ਹਨ, ਜਿਸ ਨਾਲ ਇਲਾਜ ਬਹੁਤ ਸੌਖਾ ਹੋ ਜਾਂਦਾ ਹੈ ।

· ਰੀਬੈਲੇਂਸਿੰਗ ਏਜੰਟ : ਇਹ ਦਵਾਈਆਂ (ਜਿਵੇਂ Fitusiran) ਖ਼ੂਨ ਨੂੰ ਪਤਲਾ ਕਰਨ ਵਾਲੇ ਨੈਚੁਰਲ ਪ੍ਰੋਟੀਨ (Antithrombin) ਨੂੰ ਘਟਾ ਕੇ ਜਮਾਅਣ ਦੀ ਪ੍ਰਕਿਰਿਆ ਨੂੰ ਆਮ ਕਰਦੀਆਂ ਹਨ ।

3. ਜੀਨ ਥੈਰੇਪੀ (Gene Therapy)

ਇਹ ਹੀਮੋਫੀਲੀਆ ਦੇ ਇਲਾਜ ਵਿੱਚ ਇੱਕ ਕ੍ਰਾਂਤੀ ਹੈ। ਇਸ ਵਿੱਚ ਲਿਵਰ ਵਿੱਚ ਫੈਕਟਰ VIII ਜਾਂ IX ਬਣਾਉਣ ਵਾਲਾ ਜੀਨ ਪਹੁੰਚਾਇਆ ਜਾਂਦਾ ਹੈ, ਤਾਂ ਜੋ ਮਰੀਜ਼ ਦਾ ਸਰੀਰ ਖੁਦ ਫੈਕਟਰ ਬਣਾਉਣ ਲੱਗ ਪਵੇ। ਭਾਰਤ ਵਿੱਚ ਵੀ ਹੀਮੋਫੀਲੀਆ ਏ ਲਈ ਜੀਨ ਥੈਰੇਪੀ ਦੇ ਕਲੀਨਿਕਲ ਟ੍ਰਾਇਲ ਸਫਲਤਾਪੂਰਵਕ ਹੋ ਰਹੇ ਹਨ

ਬਚਾਅ (Prevention) ਅਤੇ ਦੇਖਭਾਲ :

ਹੀਮੋਫੀਲੀਆ ਇੱਕ ਜੈਨੇਟਿਕ ਬਿਮਾਰੀ ਹੈ, ਇਸ ਲਈ ਇਸਨੂੰ ਪੂਰੀ ਤਰ੍ਹਾਂ ਰੋਕਿਆ ਨਹੀਂ ਜਾ ਸਕਦਾ, ਪਰ ਜਟਿਲਤਾਵਾਂ (complications) ਤੋਂ ਬਚਾਅ ਕੀਤਾ ਜਾ ਸਕਦਾ ਹੈ:

· ਪ੍ਰੋਫਾਈਲੈਕਸਿਸ : ਜਿਵੇਂ ਉੱਪਰ ਦੱਸਿਆ ਗਿਆ ਹੈ, ਨਿਯਮਿਤ ਇਲਾਜ (Regular shots) ਖ਼ੂਨ ਵਗਣ ਅਤੇ ਜੋੜਾਂ ਦੇ ਵਿਗਾੜ ਨੂੰ ਰੋਕਣ ਦਾ ਸਭ ਤੋਂ ਵਧੀਆ ਤਰੀਕਾ ਹੈ ।

· ਟੀਕਾਕਰਨ (Vaccination) : ਹੀਮੋਫੀਲੀਆ ਮਰੀਜ਼ਾਂ ਨੂੰ ਹੈਪੇਟਾਈਟਸ ਏ ਅਤੇ ਬੀ ਤੋਂ ਬਚਾਅ ਲਈ ਟੀਕੇ ਲਗਵਾਉਣੇ ਚਾਹੀਦੇ ਹਨ, ਖਾਸ ਕਰਕੇ ਜੇ ਉਹ ਪੁਰਾਣੇ ਜ਼ਮਾਨੇ ਦੇ ਖ਼ੂਨ ਤੋਂ ਬਣੇ ਫੈਕਟਰ ਲੈ ਰਹੇ ਹੋਣ।

· ਦੰਦਾਂ ਅਤੇ ਸਰਜਰੀ ਦੀ ਤਿਆਰੀ : ਕਿਸੇ ਵੀ ਦੰਦਾਂ ਦੇ ਇਲਾਜ ਜਾਂ ਆਪਰੇਸ਼ਨ ਤੋਂ ਪਹਿਲਾਂ ਡਾਕਟਰ ਨੂੰ ਜ਼ਰੂਰ ਦੱਸੋ ਤਾਂ ਜੋ ਉਹ ਪਹਿਲਾਂ ਤੋਂ ਫੈਕਟਰ ਦੀ ਡੋਜ਼ ਦੇ ਸਕੇ ।

· ਪਰਿਵਾਰ ਨਿਯੋਜਨ : ਜੇਕਰ ਪਰਿਵਾਰ ਵਿੱਚ ਹੀਮੋਫੀਲੀਆ ਦਾ ਇਤਿਹਾਸ ਹੈ ਤਾਂ, ਬੱਚਾ ਪੈਦਾ ਕਰਨ ਤੋਂ ਪਹਿਲਾਂ ਜੈਨੇਟਿਕ ਕਾਉਂਸਲਿੰਗ ਅਤੇ ਪ੍ਰੀਨੇਟਲ ਟੈਸਟਿੰਗ (ਜਿਵੇਂ ਕਿ chorionic villus sampling) ਕਰਵਾਉਣੀ ਚਾਹੀਦੀ ਹੈ ।

· ਸਾਵਧਾਨੀਆਂ : ਖ਼ੂਨ ਪਤਲਾ ਕਰਨ ਵਾਲੀਆਂ ਦਵਾਈਆਂ (ਜਿਵੇਂ ਅਸਪਰੀਨ) ਤੋਂ ਬਚੋ। ਬੱਚਿਆਂ ਨੂੰ ਸੰਭਾਲ ਕੇ ਰੱਖੋ ਅਤੇ ਸੰਪਰਕ ਵਾਲੇ ਖੇਡਾਂ (ਜਿਵੇਂ ਕਿ ਫੁੱਟਬਾਲ) ਲਈ ਗਾਰਡ ਪਹਿਨੋ।

ਭਾਰਤ ਵਿੱਚ ਮੌਜੂਦਾ ਸਥਿਤੀ ਅਤੇ ਸਹਾਇਤਾ :

· ਸਰਕਾਰੀ ਸਕੀਮਾਂ : ਕਰਨਾਟਕ ਦੀ 'ਕੁਸੁਮਾ ਸੰਜੀਵਨੀ' ਸਕੀਮ ਵਾਂਗੂੰ, ਕੁਝ ਰਾਜ ਸਰਕਾਰਾਂ ਮੁਫ਼ਤ ਇਲਾਜ ਮੁਹੱਈਆ ਕਰਵਾ ਰਹੀਆਂ ਹਨ ।

· ਸੰਸਥਾਵਾਂ ਦੀ ਮਦਦ : World Federation of Hemophilia (WFH) ਭਾਰਤ ਵਿੱਚ "ਹੀਮੋਫੀਲੀਆ ਫੈਡਰੇਸ਼ਨ ਆਫ਼ ਇੰਡੀਆ" ਰਾਹੀਂ ਕਲੋਟਿੰਗ ਫੈਕਟਰ ਮੁਹੱਈਆ ਕਰਵਾ ਰਹੀ ਹੈ। 2024 ਵਿੱਚ ਭਾਰਤ ਨੂੰ ਲਗਭਗ 6.8 ਕਰੋੜ ਯੂਨਿਟ ਫੈਕਟਰ ਦਾਨ ਕੀਤਾ ਗਿਆ ।

· ਇਲਾਜ ਕੇਂਦਰ : ਦੇਸ਼ ਭਰ ਵਿੱਚ ਹੀਮੋਫੀਲੀਆ ਟ੍ਰੀਟਮੈਂਟ ਸੈਂਟਰ ਬਣਾਏ ਜਾ ਰਹੇ ਹਨ, ਅਤੇ CMC ਲੁਧਿਆਣਾ ਵਰਗੇ ਸੈਂਟਰਾਂ ਵਿੱਚ ਮੁਸ਼ਕਲ ਆਪਰੇਸ਼ਨ (ਜਿਵੇਂ ਕਿ Knee Replacement) ਸਫਲਤਾਪੂਰਵਕ ਕੀਤੇ ਜਾ ਰਹੇ ਹਨ ।

ਕੁੱਲ ਮਿਲਾ ਕੇ, ਜੇਕਰ ਸਮੇਂ ਸਿਰ ਸਹੀ ਇਲਾਜ ਮਿਲ ਜਾਵੇ ਅਤੇ ਬਚਾਅ/ਪ੍ਰੋਫਾਈਲੈਕਸਿਸ (Prevention) 'ਤੇ ਧਿਆਨ ਦਿੱਤਾ ਜਾਵੇ, ਤਾਂ ਹੀਮੋਫੀਲੀਆ ਦਾ ਮਰੀਜ਼ ਆਮ ਜੀਵਨ ਜੀ ਸਕਦਾ ਹੈ।

## Cee7news ਬੇਅਦਬੀ ਐਕਟ: ਸਿੱਖ ਭਾਵਨਾਵਾਂ ਵਿਰੁੱਧ ਦਰਜ ਮੱਦਾਂ ਹਟਾਉਣ ਦੀ ਮੰਗ — ਐਡਵੋਕੇਟ ਧਾਮੀ

# ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਸਿੱਖ ਜਥੇਬੰਦੀਆਂ ਦੀ ਇਕੱਤਰਤਾ: ਸਰਕਾਰੀ ਐਕਟ ਦੀ ਸ਼ਬਦਾਵਲੀ 'ਤੇ ਰੋਸ

ਪੰਜਾਬ ਸਰਕਾਰ ਦੁਆਰਾ ਪਾਸ ਕੀਤੇ ਗਏ 'ਦ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026' ਵਿੱਚ ਸਿੱਖ ਭਾਵਨਾਵਾਂ ਵਿਰੁੱਧ ਦਰਜ ਮੱਦਾਂ ਨੂੰ ਲੈਣ ਕੇ ਖਾਲਸਾ ਪੰਥ ਵੱਲੋਂ ਪ੍ਰਗਟਾਏ ਜਾ ਰਹੇ ਸੰਕਿਆਂ ਬਾਰੇ ਵਿਚਾਰ ਵਟਾਂਦਰੇ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਅੱਜ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਟੇਕ ਸਿੰਘ ਵੱਲੋਂ ਅਹਿਮ ਇਕੱਤਰਤਾ ਬੁਲਾਈ ਗਈ।ਇਕੱਤਰਤਾ ਵਿੱਚ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਵਿਚਾਰਵਾਨ ਸਿੱਖਾਂ ਅਤੇ ਵੱਖ-ਵੱਖ ਸੰਸਥਾਵਾਂ ਤੇ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਭਰਵੀਂ ਸ਼ਮੂਲੀਅਤ ਕਰਦਿਆਂ ਖੁੱਲ੍ਹੇ ਮਾਹੌਲ ਵਿੱਚ ਆਪਣੇ ਵਿਚਾਰ ਰੱਖੇ। ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ 'ਦ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਬਾਰੇ ਇਕੱਤਰਤਾ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਸਰਕਾਰ ਵੱਲੋਂ ਪਾਸ ਕੀਤਾ ਗਿਆ ਐਕਟ ਸਿੱਖਾਂ ਦੇ ਧਾਰਮਿਕ ਮਾਮਲਿਆਂ ਅੰਦਰ ਸਿੱਧਾ ਦਖਲ ਹੈ ਅਤੇ ਇਸ ਨਾਲ ਬੇਅਦਬੀ ਦੇ ਮਾਮਲਿਆਂ ਅੰਦਰ ਦੋਸ਼ੀਆਂ ਨੂੰ ਸਜ਼ਾਵਾਂ 'ਤੇ ਕੇਂਦ੍ਰਿਤ ਹੋਣ ਅਤੇ ਸਿੱਖਾਂ ਨੂੰ ਇਨਸਾਫ਼ ਦੇਣ ਦੀ ਥਾਂ ਸਿੱਖ ਸੰਸਥਾਵਾਂ, ਗੁਰਦੁਆਰਾ ਪ੍ਰਬੰਧਕਾਂ, ਸ਼ਰਧਾਲੂ ਸੰਗਤ, ਗ੍ਰੰਥੀ ਸਿੰਘਾਂ ਦੀ ਵਧੇਰੇ ਜ਼ਿੰਮੇਵਾਰੀ ਤੈਅ ਕੀਤੀ ਹੈ।

ਇਕੱਤਰਤਾ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਅਸੀਂ ਐਕਟ ਵਿੱਚ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੇ ਖਿਲਾਫ ਨਹੀਂ ਕੇਵਲ ਸਿੱਖ ਭਾਵਨਾਵਾਂ ਦੇ ਵਿਰੁੱਧ ਦਰਜ ਮੱਦਾਂ ਨੂੰ ਹਟਾਉਣ ਦੀ ਮੰਗ ਕਰਦੇ ਹਾਂ। ਉਨ੍ਹਾਂ ਕਿਹਾ ਕਿ ਅਸੀਂ ਸਰਕਾਰ ਨਾਲ ਟਕਰਾ ਨਹੀਂ ਚਹੁੰਦੇ ਅਤੇ ਸਰਕਾਰ ਨੂੰ ਵੀ ਸਿੱਖ ਭਾਵਨਾਵਾਂ ਨੂੰ ਸਮਝਣਾ ਚਾਹੀਦਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸਰਕਾਰ ਵੱਲੋਂ ਪ੍ਰਚਾਰਿਆ ਜਾ ਰਿਹਾ ਹੈ ਕਿ ਇਸ ਐਕਟ ਨਾਲ ਕੋਈ ਵੀ ਦੋਸ਼ੀ ਮੰਦਬੁੱਧੀ ਕਹਿ ਕੇ ਬੱਚ ਨਹੀਂ ਸਕੇਗਾ ਪ੍ਰੰਤੂ ਐਕਟ ਵਿੱਚ ਮੰਦਬੁੱਧੀ ਬਾਰੇ ਕਿਤੇ ਵੀ ਜਿਕਰ ਨਹੀਂ ਕੀ ਇਹ ਸਰਕਾਰ ਦੀ ਮਨਸ਼ਾ ਤੇ ਸਵਾਲ ਨਹੀਂ। ਉਨ੍ਹਾਂ ਕਿਹਾ ਕਿ ਸਰਕਾਰ ਦਾ ਇਹ ਐਕਟ ਨਵਾਂ ਨਹੀਂ ਸਗੋਂ 2008 ਦੇ ਐਕਟ ਵਿੱਚ ਸੋਧ ਹੈ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਕਾਸ਼ਨਾ ਦੇ ਅਧਿਕਾਰ ਸ਼੍ਰੋਮਣੀ ਕਮੇਟੀ ਨੂੰ ਦਿੱਤੇ ਗਏ ਸਨ। ਉਨ੍ਹਾਂ ਕਿਹਾ ਸਰਕਾਰ ਨੇ ਬੇਅਦਬੀਆਂ ਰੋਕਣ ਲਈ ਐਕਟ ਬਨਾਉਣ ਲਈ ਜੋ ਕਮੇਟੀ ਬਣਾਈ ਸੀ ਉਸ ਕਮੇਟੀ ਦੇ ਸਮੇਂ ਵਿੱਚ ਵਾਧਾ ਕਰ ਦਿੱਤਾ ਗਿਆ ਜਦਕਿ ਬਿਨਾਂ ਕਿਸੇ ਦੀ ਰਾਏ ਲਏ ਪਹਿਲਾਂ ਮੌਜੂਦ ਕਨੂੰਨ ਵਿਚ ਸੋਧਾਂ ਕਰ ਦਿੱਤੀਆਂ ਗਈਆਂ। ਉਨ੍ਹਾਂ ਕਿਹਾ ਕਿ ਐਕਟ ਵਿੱਚ ਦਰਜ਼ ਕੁਝ ਮੱਦਾਂ ਸਿੱਖ ਸ਼ਰਧਾਲੂਆਂ ਨੂੰ ਗੁਰਬਾਣੀ ਨਾਲੋਂ ਤੋੜਨ ਦਾ ਕਾਰਨ ਬਣਨਗੀਆਂ ਜਿਸ ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਸਰਕਾਰ ਨੂੰ ਹਠਧਰਮੀ ਛੱਡ ਕੇ ਸਿੱਖ ਭਾਵਨਾਵਾਂ ਵਿਰੁੱਧ ਦਰਜ ਸ਼ਬਦਾਵਲੀ ਨੂੰ ਬਦਲਣ ਲਈ ਆਖਿਆ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਬੋਲਦਿਆਂ ਸਰਕਾਰ ਨੂੰ ਕਰੜੇ ਹੱਥੀਂ ਲਿਆ। ਉਨ੍ਹਾਂ ਕਿਹਾ ਕਿ ਕੋਈ ਵੀ ਸਰਕਾਰ ਪੰਥ ਦੇ ਨਿਯਮ ਨਹੀਂ ਘੜ ਸਕਦੀ। ਸਿੰਘ ਸਾਹਿਬ ਨੇ ਵੀ ਬੁਲਾਰਿਆਂ ਦੀ ਗੱਲ ਨੂੰ ਦੁਹਰਾਉਂਦਿਆਂ ਕਿਹਾ ਕਿ ਸਰਕਾਰ ਦਾ ਮਕਸਦ ਸਿਰਫ ਇੱਕੋ ਹੈ ਕਿ ਕਿਵੇਂ ਨਾ ਕਿਵੇਂ ਪੰਥ ਨੂੰ ਗ੍ਰੰਥ ਨਾਲੋਂ ਤੋੜਿਆ ਜਾਵੇ। ਉਨ੍ਹਾਂ ਮੁੱਖ ਮੰਤਰੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਸ਼ਰੇਆਮ ਮੁੱਖ ਮੰਤਰੀ ਵੱਲੋਂ ਝੂਠ ਬੋਲਿਆ ਜਾ ਰਿਹਾ ਹੈ। ਮੁੱਖ ਮੰਤਰੀ ਇਹ ਕਹਿ ਰਿਹਾ ਹੈ ਕਿ ਉਨ੍ਹਾਂ ਜੋ ਕਨੂੰਨ ਬਣਾਇਆ ਹੈ ਇਸ ਨਾਲ ਹੁਣ ਬੇਅਦਬੀ ਕਰਨ ਵਾਲਾ ਭਾਵੇਂ ਮੰਦਬੁੱਧੀ ਵੀ ਕਿਉਂ ਨਾ ਹੋਵੇ ਉਸ ਨੂੰ ਸਜ਼ਾ ਮਿਲੇਗੀ ਇਸ ਤੋਂ ਸਿੱਧ ਹੁੰਦਾ ਹੈ ਕਿ ਉਸ ਨੇ ਇਹ ਕਨੂੰਨ ਪੜ੍ਹਿਆ ਹੀ ਨਹੀਂ। ਹਾਲ ਹੀ 'ਚ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਇੱਕ ਚਿੱਠੀ ਜਿਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਪੰਜਾਬ ਸਰਕਾਰ ਨੇ ਇੱਕ ਕੰਪਨੀ ਹਾਇਰ ਕੀਤੀ ਹੈ ਜਿਹੜੀ ਕਿ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਵੇਗੀ ਅਤੇ ਪ੍ਰੋਪੋਗੰਡਾ ਸੈੱਟ ਕਰੇਗੀ ਇਸ ਵਿਸ਼ੇ 'ਤੇ ਵੀ ਸਿੰਘ ਸਾਹਿਬ ਨੇ ਸਖਤ ਪ੍ਰਤੀਕਰਮ ਦਿੱਤਾ। ਸਿੰਘ ਸਾਹਿਬ ਨੇ ਕਿਹਾ ਕਿ ਜਿਨ੍ਹਾਂ ਸਮਾਂ ਸਰੀਰ 'ਚ ਜਾਨ ਹੈ ਉਹ ਸ੍ਰੀ ਅਕਾਲ ਤਖਤ ਸਾਹਿਬ ਦੀ ਮਾਣ ਮਰਯਾਦਾ ਲਈ ਜੂਝਦੇ ਰਹਿਣਗੇ। ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਕੋਈ ਵੀ ਅਜਿਹਾ ਕਨੂੰਨ ਪ੍ਰਵਾਨ ਨਹੀਂ ਹੈ ਜੋ ਪੰਥ ਦੀ ਮਰਜੀ ਤੋਂ ਬਿਨਾਂ ਬਣੇਗਾ।ਇਸ ਮੌਕੇ ਸਿੰਘ ਸਾਹਿਬ ਬਾਬਾ ਟੇਕ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਾਂ ਦੇ ਅੰਦਰੂਨੀ ਧਾਰਮਿਕ ਮਾਮਲਿਆਂ ਵਿੱਚ ਕੀਤਾ ਗਿਆ ਦਖਲ ਕਦਾਚਿਤ ਬਰਦਾਸ਼ਤ ਨਹੀਂ ਕੀਤਾ ਜਾਵੇਗਾ।




ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਬੋਲਦਿਆਂ ਸਰਕਾਰ ਨੂੰ ਕਰੜੇ ਹੱਥੀਂ ਲਿਆ। ਉਨ੍ਹਾਂ ਕਿਹਾ ਕਿ ਕੋਈ ਵੀ ਸਰਕਾਰ ਪੰਥ ਦੇ ਨਿਯਮ ਨਹੀਂ ਘੜ ਸਕਦੀ। ਸਿੰਘ ਸਾਹਿਬ ਨੇ ਵੀ ਬੁਲਾਰਿਆਂ ਦੀ ਗੱਲ ਨੂੰ ਦੁਹਰਾਉਂਦਿਆਂ ਕਿਹਾ ਕਿ ਸਰਕਾਰ ਦਾ ਮਕਸਦ ਸਿਰਫ ਇੱਕੋ ਹੈ ਕਿ ਕਿਵੇਂ ਨਾ ਕਿਵੇਂ ਪੰਥ ਨੂੰ ਗ੍ਰੰਥ ਨਾਲੋਂ ਤੋੜਿਆ ਜਾਵੇ। ਉਨ੍ਹਾਂ ਮੁੱਖ ਮੰਤਰੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਸ਼ਰੇਆਮ ਮੁੱਖ ਮੰਤਰੀ ਵੱਲੋਂ ਝੂਠ ਬੋਲਿਆ ਜਾ ਰਿਹਾ ਹੈ। ਮੁੱਖ ਮੰਤਰੀ ਇਹ ਕਹਿ ਰਿਹਾ ਹੈ ਕਿ ਉਨ੍ਹਾਂ ਜੋ ਕਨੂੰਨ ਬਣਾਇਆ ਹੈ ਇਸ ਨਾਲ ਹੁਣ ਬੇਅਦਬੀ ਕਰਨ ਵਾਲਾ ਭਾਵੇਂ ਮੰਦਬੁੱਧੀ ਵੀ ਕਿਉਂ ਨਾ ਹੋਵੇ ਉਸ ਨੂੰ ਸਜ਼ਾ ਮਿਲੇਗੀ ਇਸ ਤੋਂ ਸਿੱਧ ਹੁੰਦਾ ਹੈ ਕਿ ਉਸ ਨੇ ਇਹ ਕਨੂੰਨ ਪੜ੍ਹਿਆ ਹੀ ਨਹੀਂ। ਹਾਲ ਹੀ 'ਚ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਇੱਕ ਚਿੱਠੀ ਜਿਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਪੰਜਾਬ ਸਰਕਾਰ ਨੇ ਇੱਕ ਕੰਪਨੀ ਹਾਇਰ ਕੀਤੀ ਹੈ ਜਿਹੜੀ ਕਿ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਵੇਗੀ ਅਤੇ ਪ੍ਰੋਪੋਗੰਡਾ ਸੈੱਟ ਕਰੇਗੀ ਇਸ ਵਿਸ਼ੇ 'ਤੇ ਵੀ ਸਿੰਘ ਸਾਹਿਬ ਨੇ ਸਖਤ ਪ੍ਰਤੀਕਰਮ ਦਿੱਤਾ। ਸਿੰਘ ਸਾਹਿਬ ਨੇ ਕਿਹਾ ਕਿ ਜਿਨ੍ਹਾਂ ਸਮਾਂ ਸਰੀਰ 'ਚ ਜਾਨ ਹੈ ਉਹ ਸ੍ਰੀ ਅਕਾਲ ਤਖਤ ਸਾਹਿਬ ਦੀ ਮਾਣ ਮਰਜਾਦਾ ਲਈ ਜੂਝਦੇ ਰਹਿਣਗੇ। ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਕੋਈ ਵੀ ਅਜਿਹਾ ਕਨੂੰਨ ਪ੍ਰਵਾਨ ਨਹੀਂ ਹੈ ਜੋ ਪੰਥ ਦੀ ਮਰਜੀ ਤੋਂ ਬਿਨਾਂ ਬਣੇਗਾ।ਇਸ ਮੌਕੇ ਸਿੰਘ ਸਾਹਿਬ ਬਾਬਾ ਟੇਕ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਾਂ ਦੇ ਅੰਦਰੂਨੀ ਧਾਰਮਿਕ ਮਾਮਲਿਆਂ ਵਿੱਚ ਕੀਤਾ ਗਿਆ ਦਖਲ ਕਦਾਚਿਤ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭਰੋਸੇ ਵਿੱਚ ਲਏ ਬਿਨਾਂ ਜੋ ਕਾਨੂੰਨ ਪਾਸ ਕੀਤਾ ਹੈ, ਉਹ ਸਿੱਖੀ ਪ੍ਰਚਾਰ ਦੇ ਰਾਹ ਵਿੱਚ ਰੁਕਾਵਟਾਂ ਪੈਦਾ ਕਰਨ ਦੀ ਸਾਜ਼ਿਸ਼ ਜਾਪਦਾ ਹੈ। ਸਿੰਘ ਸਾਹਿਬ ਜੀ ਨੇ ਕਿਹਾ ਕਿ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਯਾਦਾ ਅਤੇ ਸਤਿਕਾਰ ਦਾ ਮਾਮਲਾ ਪੰਥ ਦਾ ਅੰਦਰੂਨੀ ਮਾਮਲਾ ਹੈ। ਸਰਕਾਰ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਲਈ ਕਾਨੂੰਨ ਬਣਾਏ, ਪਰ ਗੁਰੂ ਸਾਹਿਬ ਦੇ ਸਰੂਪਾਂ ਦੀ ਸੇਵਾ-ਸੰਭਾਲ ਅਤੇ ਪ੍ਰਚਾਰ ਵਿੱਚ ਸਰਕਾਰੀ ਦਖਲਅੰਦਾਜ਼ੀ ਪ੍ਰਵਾਨ ਨਹੀਂ ਕੀਤੀ ਜਾ ਸਕਦੀ।

